# "ਜੇਕਰ ਤੁਹਾਨੂੰ ਆਪਣੀ ਜਮਾਤ ਨਾਲ ਪਿਆਰ ਐ..."

**ਕਾਮਰੇਡ ਹਰਦਿਆਲ ਬੈਂਸ ਦੀ ਨਵੀਂ ਛਪੀ ਕਿਤਾਬ ਦਾ ਨਾਮ ਹੈ। ਇਸ ਕਿਤਾਬ ਦੀ ਭੂਮਿਕਾ ਯਸ਼ਦੀਪ ਬੈਂਸ ਅਤੇ ਨੋਰਮਾ ਜੈਂਕਸ ਨੇ ਲਿਖੀ ਹੈ ਜਿਸਦਾ ਪੰਜਾਬੀ ਤਰਜਮਾ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।**

## ਭੂਮਿਕਾ

**(ਨੋਰਮਾ ਜੈਂਕਸ ਤੇ ਯਸ਼ਦੀਪ ਬੈਂਸ)**

੧੯੬੦ ੬੦ਵਿਆਂ ਦੇ ਸ਼ੁਰੂ ਤੋਂ ਲੈਕੇ ਹੀ ਹਰਦਿਆਲ ਬੈਂਸ ਦੀ ਜ਼ਿੰਦਗੀ ਬਹੁਤ ਹੀ ਰੁਝੇਵਿਆਂ ਭਰੀ ਰਹੀ। ਉਹ ਹਰ ਰੋਜ਼ ਲਿਖਦੇ, ਪੜ੍ਹਦੇ, ਪਬਲਿਕ ਤੇ ਪ੍ਰਾਈਵੇਟ ਮੀਟਿੰਗਾਂ ਨੂੰ ਜਥੇਬੰਦ ਤੇ ਸੰਬੋਧਨ ਕਰਦੇ ਸਨ, ਅਤੇ ਕਨੇਡਾ ਦੀ ਕਮਿਉਨਿਸਟ ਪਾਰਟੀ (ਮ-ਲ) ਦੇ ਨੈਸ਼ਨਲ ਲੀਡਰ ਦੀਆਂ ਸਾਰੀਆਂ ਜ਼ੁੰਮੇਵਾਰੀਆਂ ਵੀ ਨਿਭਾਉਂਦੇ ਸਨ। ਇਨ੍ਹਾਂ ਸਾਲਾਂ ਦੇ ਦੌਰਾਨ ਉਨ੍ਹਾਂ ਨੇ ਮਾਸ ਲਾਈਨ, ਪੀਪਲਜ਼ ਡੇਅਲੀ ਕੈਨੇਡਾ ਨਿਊਜ਼, ਦੀ ਨਿਊ ਮੈਗਜ਼ੀਨ ਅਤੇ ਦੀ ਮਾਰਕਸਿਸਟ-ਲੈਨਿਨਿਸਟ ਵਰਗੇ ਪਰਚੇ ਸ਼ੁਰੂ ਕੀਤੇ, ਇਨ੍ਹਾਂ ਦੀ ਸੰਪਾਦਨਾ ਕੀਤੀ ਤੇ ਇਨ੍ਹਾਂ ਲਈ ਲਗਾਤਾਰ ਲਿਖਦੇ ਰਹੇ। ਉਨ੍ਹਾਂ ਨੇ ਨਵੀਂ ਪਤਰਕਾਰੀ ਦੇ ਅਸੂਲਾਂ ਅਤੇ ਮੰਤਵਾਂ ਦਾ ਵਿਕਾਸ ਕੀਤਾ। ਆਪਣੀਆਂ ਅਨੇਕਾਂ ਕਿਤਾਬਾਂ ਅਤੇ ਹੋਰ ਲਿਖਤਾਂ ਵਿਚ ਉਨ੍ਹਾਂ ਨੇ ਮੁੜ ਮੁੜ ਜ਼ੋਰ ਦੇ ਕੇ ਇਹ ਗੱਲ ਕਹੀ ਕਿ ਉਨ੍ਹਾਂ ਦੀ ਪਤਰਕਾਰੀ "ਲੋਕਾਂ ਦੇ ਮਸਲਿਆਂ ਨਾਲ ਸਰੋਕਾਰ ਰੱਖਣ ਵਾਲੀ ਪੱਤਰਕਾਰੀ" ਹੈ। ਉਨ੍ਹਾਂ
ਦੀਆਂ ਲਿਖਤਾਂ ਸਮਾਜੀ ਚੇਤਨਾ, ਜਮਾਤੀ ਜਦੋਜਹਿਦ, ਅਤੇ ਬਿਹਤਰ ਇਨਸਾਨ ਬਣਨ ਦੀ ਜਦੋਜਹਿਦ ਵਰਗੇ ਮਜ਼ਮੂਨਾਂ ਮੁਤੱਲਕ ਗੱਲ ਕਰਦੀਆਂ ਹਨ। ਉਹ ਨਵੀਂ ਪਤਰਕਾਰੀ ਦੇ ਹੋਰ ਮੰਤਵਾਂ ਵਿਚੋਂ ਇਕ ਮੰਤਵ ਰੋਸ਼ਨਖਿਆਲਾਂ ਲਈ ਜਦੋਜਹਿਦ ਵਿਚ ਹੋਰ ਜ਼ਿਆਦਾ ਡੂੰਘਿਆਈ ਨਾਲ ਜਾਣ ਦੀ ਵੀ ਉਮੀਦ ਰੱਖਦੇ ਸਨ।

੧੯੭੦ ਵਿਆਂ ਵਿਚ ਹਰਦਿਆਲ ਨੇ ਕਈ ਪੱਤਰਾਂ ਲਈ ਬੀ.ਪਾਲ ਦੇ ਕਲਮੀ ਨਾਂ ਹੇਠ ਇਕ ਕਾਲਮ ਲਿਖਣ ਦਾ ਫੈਸਲਾ ਕੀਤਾ। ਉਸਨੇ ਇਹ ਤਰੀਕਾ ਵਰਤਣ ਦਾ ਫੈਸਲਾ ਖ਼ਾਸਕਰ ਇਸ ਲਈ ਕੀਤਾ ਕਿਉਂਕਿ ਉਹ ਆਪਣੇ ਪਾਠਕਾਂ ਨਾਲ ਕਨੇਡਾ ਦੀ ਕਮਿਉਨਿਸਟ ਪਾਰਟੀ ਮਾਰਕਸਵਾਦੀ-ਲੈਨਿਨਵਾਦੀ ਦੇ ਕੌਮੀ ਆਗੂ ਨਾਲੋਂ ਅਲੱਗ ਇਕ ਵੱਖਰੀ ਕਿਸਮ ਦਾ ਨਾਤਾ ਬਣਾਉਣਾਂ ਚਾਹੁੰਦਾ ਸੀ। ਪਾਰਟੀ ਦੇ ਕੌਮੀ ਆਗੂ ਦੇ ਤੌਰ ਉਸਦੀ ਕਹੀ ਹੋਈ ਹਰ ਗੱਲ ਨੂੰ ਪਾਠਕ ਪਾਰਟੀ ਦੀ ਕਿਸੇ ਨੀਤੀ ਜਾਂ ਸੇਧ ਦੀ ਵਿਆਖਿਆ ਦੇ ਤੌਰ ਤੇ ਲੈਂਦੇ ਸਨ। ਪਰ ਉਹ ਇਸ ਸੀਮਾ ਨੂੰ ਪਾਰ ਕਰਨਾ ਚਾਹੁੰਦਾ ਸੀ ਕਿਉਂਕਿ ਇਸ ਨਾਲ ਉਸਦਾ ਪਾਠਕਾਂ ਨਾਲ ਨਾਤਾ ਬਣਨ ਦੇ ਰਾਹ ਵਿਚ ਕਿਸੇ ਹੱਦ ਤੱਕ ਇਕ ਰੁਕਾਵਟ ਪੈ ਜਾਂਦੀ ਸੀ। ਉਹ ਆਪਣੇ ਪਾਠਕਾਂ ਨਾਲ ਉਨ੍ਹਾਂ ਹੀ ਵਰਗੇ ਇਕ ਬੰਦੇ ਦੇ ਤੌਰ ਤੇ ਗੱਲ ਨਹੀਂ ਸਨ ਕਰ ਸਕਦੇ। ਇਸੇ ਤਰ੍ਹਾਂ ਉਨ੍ਹਾਂ ਦੇ ਪਾਠਕ ਵੀ ਉਨ੍ਹਾਂ
ਤੋਂ ਕਿਸੇ ਆਮ ਵਿਅਕਤੀ ਵਾਲੀ ਸਾਦਾ ਤੇ ਆਮ ਕਿਸਮ ਦੀ ਗੱਲ ਸੁਣਨ ਦੀ ਆਸ ਨਹੀਂ ਸੀ ਰੱਖਦੇ ਜਿਸਦਾ ਤੁਅੱਲਕ ਸੀ.ਪੀ.ਸੀ.(ਮ-ਲ) ਨਾਲ ਨਾ ਹੋਵੇ।

ਇਕ ਕਲਮੀ ਨਾਮ ਵਰਤਕੇ ਹਰਦਿਆਲ ਬੈਂਸ ਨੇ ਕਈ ਮਕਸਦ ਪੂਰੇ ਕਰਨੇ ਚਾਹੇ। ਉਹ ਆਪਣੇ ਆਮ ਪਾਠਕਾਂ ਦਾ ਵਿਸ਼ਵਾਸ ਇਕ ਅਜੇਹੇ ਵਿਅਕਤੀ ਦੇ ਤੌਰ ਤੇ ਜਿਤਣਾ ਚਾਹੁੰਦਾ ਸੀ ਜੋ ਨਿਤ ਵਾਪਰਨ ਵਾਲੀਆਂ ਆਮ ਜ਼ਿੰਦਗੀ ਦੀਆਂ ਘਟਨਾਵਾਂ ਅਤੇ ਵਿਚਾਰਾਂ ਬਾਰੇ ਲਿਖਦਾ ਹੈ। ਉਹ ਲੋਕਾਂ ਨਾਲ ਉਨ੍ਹਾਂ ਮਸਲਿਆਂ ਬਾਰੇ ਗੱਲ ਕਰਨੀ ਚਾਹੁੰਦਾ ਸੀ ਜੋ ਹੋਰ ਸਾਰਿਆਂ ਨਾਲ ਵੀ ਵਾਪਰਦੇ ਸਨ। ਉਹ ਆਪਣੇ ਉਨ੍ਹਾਂ ਦੋਸਤਾਂ ਅਤੇ ਵਾਕਫ਼ਕਾਰਾਂ ਨਾਲ ਵੀ ਇਕ ਰਾਬਤਾ ਬਣਾਉਣਾਂ ਚਾਹੁੰਦਾ ਸੀ ਜੋ ਉਸਦੀ ਸ਼ਖ਼ਸੀਅਤ ਤੋਂ ਝਮਦੇ ਹੋਏ ਉਸ ਕੋਲੋਂ ਸਧਾਰਨ ਸਵਾਲ ਪੁਛਣ ਦਾ ਹਿਆਂ ਨਹੀਂ ਸਨ ਕਰਦੇ। ਇਹ ਪਾਠਕ ਆਪਣੇ ਨਿਤ ਦੇ ਕੰਮਾਂਕਾਰਾਂ ਅਤੇ ਰੁਝੇਵਿਆਂ ਵਿਚ ਬੁਰੀ ਤਰ੍ਹਾਂ ਫ਼ਸੇ ਹੋਏ ਲੋਕ ਸਨ ਤੇ ਕਿਸੇ ਵਿਚਾਰ ਵਟਾਂਦਰੇ ਵਿਚ ਸ਼ਰੀਕ ਹੋਣ ਲਈ ਇਨ੍ਹਾਂ ਕੋਲ ਵਿਹਲ ਨਹੀਂ। ਇਸ ਕਲਮੀ ਨਾਮ ਨੂੰ ਵਰਤਕੇ ਹਰਦਿਆਲ ਬੈਂਸ ਇਨ੍ਹਾਂ ਪਾਠਕਾਂ ਨਾਲ ਪਾਰਟੀ ਪਾਲਸੀ ਅਤੇ ਸੇਧ ਦੀ ਬਜਾਏ ਹੋਰ ਮਸਲਿਆਂ ਬਾਰੇ ਗੱਲ ਕਰ ਸਕਣ ਲਈ ਵੀ ਆਜ਼ਾਦ ਹੋ ਗਏ ਮਹਿਸੂਸ ਕਰਦੇ ਸਨ।

ਹਰਦਿਆਲ ਬੈਂਸ ਤੇ ਬੀ.ਪਾਲ ਦੇ ਮਕਸਦਾਂ ਵਿਚ ਕੋਈ ਅੰਤਰ ਨਹੀਂ। ਦੋਵਾਂ ਨੇ ਹਮੇਸ਼ਾਂ ਹੀ ਕਮਿਉਨਿਸਟਾਂ ਦੇ ਤੌਰ ਤੇ ਲਿਖਿਆ ਅਤੇ ਹਰ ਮਜ਼ਮੂਨ ਨੂੰ ਕਮਿਉਨਿਸਟਾਂ ਵਾਂਗ ਲਿਆ। ਹਰਦਿਆਲ ਦੇ ਨੁਕਤਾ ਨਿਗਾਹ ਵਿਚ ਕਦੇ ਵੀ ਕੋਈ ਫ਼ਰਕ ਨਹੀਂ ਆਇਆ। ਇਕ ਵਾਰ ਜਦੋਂ ਕਿਸੇ ਕਿਹਾ ਕਿ, "ਕਈ ਪਾਠਕ ਸਮਝਦੇ ਹਨ ਕਿ ਉਹ (ਬੀ.ਪਾਲ) ਇਕ ਕਮਿਉਨਿਸਟ ਹੈ" ਤਾਂ ਹਰਦਿਆਲ ਨੇ ਕਿਹਾ, "ਹਾਂ, ਹੋ ਵੀ ਸਕਦਾ ਹੈ, ਪਰ ਇਹ ਗੱਲ ਪੱਥਰ ਤੇ ਲਕੀਰ ਹੈ ਕਿ ਉਹ ਕਮਿਉਨਿਸਟ ਵਿਰੋਧੀ ਬਿਲਕੁਲ ਨਹੀਂ", ਉਸਨੇ ਹੋਰ ਕਿਹਾ ਕਿ, "ਕਮਿਉਨਿਜ਼ਮ ਦੀ ਵਿਰੋਧਤਾ ਕਰਨ ਦਾ ਰੁਝਾਨ ਇਕ ਜਾਇਜ਼ ਸਿਆਸੀ ਤੇ ਵਿਚਾਰਧਾਰਕ ਰੁਝਾਨ ਨਹੀਂ ਹੈ ਬਲਕਿ ਇਨਸਾਨੀਅਤ ਦੇ ਖ਼ਿਲਾਫ਼ ਜੁਰਮ ਕਰਨ ਦਾ ਸਿਧਾਂਤ ਅਤੇ ਅਮਲ ਹੈ।" ਹਰਦਿਆਲ ਦੀ ਪਤਰਕਾਰੀ ਦਾ ਇਕ ਮੰਤਵ ਇਨਸਾਨੀਅਤ ਦੇ ਖ਼ਿਲਾਫ਼ ਜੁਰਮਾਂ ਦਾ ਪਾਜ ਖੋਹਲਣਾਂ ਵੀ ਸੀ।

ਤਕਰੀਬਨ ਵੀਹ ਸਾਲ ਬਾਅਦ, ੧੯੯੫ ਦੀ ਪੱਤਝੜ ਵਿਚ ਹਰਦਿਆਲ ਬੈਂਸ ਨੇ `**ਦੀ ਡੇਅਲੀ ਮਾਰਕਸਿਸਟ-ਲੈਨਿਨਿਸਟ**` ਵਿਚ ਬੀ.ਪਾਲ ਦੇ ਨਾਮ ਹੇਠ ਇਕ ਕਾਲਮ ਲਿਖਣ ਦਾ ਫੈਸਲਾ ਕੀਤਾ। ਉਸਦਾ ਪਹਿਲਾ ਲੇਖ ੨ ਨਵੰਬਰ ੧੯੯੫ ਨੂੰ ਅਤੇ ਆਖਰੀ ੧੩ ਮਈ ੧੯੯੭ ਨੂੰ ਛਪਿਆ। ਇਹ ਸਾਰੇ ਲੇਖ ਇਕੱਠੇ ਕਰਕੇ ਹੁਣ ਇਕ ਕਿਤਾਬ ਦੀ ਸ਼ਕਲ ਵਿਚ ਛਾਪੇ ਗਏ ਹਨ। ੨ ਨਵੰਬਰ ੧੯੯੫ ਨੂੰ ਹਰਦਿਆਲ ਨੇ ਲੇਖਾਂ ਦੀ ਲੜੀ "ਜੇਕਰ ਤੈਨੂੰ ਆਪਣੀ ਜਮਾਤ ਨਾਲ ਪਿਆਰ ਐ.." ਦੇ ਪਹਿਲੇ ਲੇਖ ਦੀ ਸ਼ੁਰੂਆਤ ਇਕ ਵਖ਼ਰੀ ਹੀ ਕਿਸਮ ਦਾ ਇਕਬਾਲ ਕਰਦਿਆਂ ਕੀਤੀ, "ਮੈਂ ਕਈ ਚਿਰਾਂ ਤੋਂ ਲਿਖਿਆ ਨਹੀਂ। ਪਿਛਲੇ ਕਈ ਮਹੀਨਿਆਂ ਤੋਂ ਕੁਝ ਵੀ ਨਾਂ ਲਿਖਣ ਦੇ ਮੈਂ ਕਈ ਕਾਰਨ ਦੇ ਸਕਦਾ ਹਾਂ। ਮੈਂ ਤੁਹਾਨੂੰ ਇਹ ਜ਼ਰੂਰ ਦਸਣਾ ਏਂ ਕਿ ਜਦੋਂ ਮੈ ਲਿਖਦਾ ਨਹੀਂ ਤਾਂ ਕੀ ਹੁੰਦਾ ਹੈ। ਮੈਂ ਜ਼ਿੰਦਗੀ ਦੇ ਅਨੇਕਾਂ ਮਸਲਿਆਂ ਬਾਰੇ ਸੋਚਣ ਲੱਗ ਪੈਂਦਾ ਹਾਂ ਤੇ ਬਿਰਤੀ ਨਹੀਂ ਜੁੜਦੀ। ਮੈਨੂੰ ਇਹ ਵੀ ਲੱਗਣ ਲੱਗਦਾ ਹੈ ਕਿ

ਅਸਲ ਵਿਚ ਮੈਨੂੰ ਪਤਾ ਹੀ ਨਹੀਂ ਕਿ ਕਾਹਦੇ ਬਾਰੇ ਲਿਖਾਂ, ਜਾਂ ਘੱਟੋ ਘੱਟੋ ਮੈਨੂੰ ਹੱਥਲੇ ਮਜ਼ਮੂਨ ਬਾਰੇ ਕਾਫ਼ੀ ਵਾਕਫ਼ੀਅਤ ਨਹੀਂ ਹੈ।"

ਇਕਦਮ ਉਹ ਉਹ ਇਕ ਐਸੇ ਸ਼ਖ਼ਸ ਦੇ ਤੌਰ ਤੇ ਆਪਣੀ ਥਾਂ ਬਣਾ ਲੈਂਦਾ ਹੈ ਜਿਸਦਾ ਮਨ ਟਿਕਦਾ ਨਹੀਂ, ਬਿਰਤੀ ਜੁੜਦੀ ਨਹੀਂ ਤੇ ਕਿਸੇ ਮਜ਼ਮੂਨ ਦੀ ਭਾਲ ਵਿਚ ਬੇਅਰਥ ਟੱਕਰਾਂ ਮਾਰਦਾ ਹੈ। ਉਹ ਵੀ ਉਨ੍ਹਾਂ ਵਰਗਾ ਹੀ ਬਣਨ ਦੀ ਕੋਸ਼ਿਸ਼ ਕਰਦਾ ਹੈ ਜੋ ਇਹੋ ਜਿਹੀਆਂ ਮੁਸ਼ਕਿਲਾ ਦੇ ਸ਼ਿਕਾਰ ਹਨ ਤੇ ਆਪ ਵੀ ਉਨ੍ਹਾਂ ਵਿਚ ਹੀ ਰਲ ਜਾਂਦਾ ਹੈ। ਇਸ ਤਰ੍ਹਾਂ ਇਕਦਮ ਪਾਠਕਾਂ ਦੇ ਮਨਾਂ ਵਿਚ ਉਹ ਆਪਣੇ ਲੇਖ ਦੇ ਮਜ਼ਮੂਨ ਬਾਰੇ ਜੁਗਿਆਸਾ ਪੈਦਾ ਕਰ ਦਿੰਦਾ ਹੈ ਤੇ ਲੇਖ ਨੂੰ ਪੜ੍ਹਨ ਲਈ ਪਾਠਕਾਂ ਦੀ ਦਿਲਚਸਪੀ ਹੋਰ ਵੱਧ ਜਾਂਦੀ ਹੈ।

ਹਰਦਿਆਲ ਕਾਹਦੇ ਬਾਰੇ ਲਿਖੇ? ਅਚਾਨਕ ਰਾਹ ਜਾਂਦਿਆਂ ਉਸਦੀ ਮੁਲਾਕਾਤ ਇਕ ਦੋਸਤ ਨਾਲ ਹੋ ਜਾਂਦੀ ਹੈ। ਏਧਰ ਓਧਰ ਦੀਆਂ ਦੋ ਚਅਰ ਗੱਲਾਂ ਕਰਨ ਮਗਰੋਂ ਉਹ ਆਪਣੇ ਮਿਤਰ ਨੂੰ ਦਸਦਾ ਹੈ ਕਿ ਖੱਬੇ-ਪੱਖੀ ਸਿਆਸਤ ਵਿਚ ਸੱਭ ਕੁਝ ਛੱਡ-ਛਡਾ ਕੇ ਹੱਥ ਖੜੇ ਕਰ ਦੇਣ ਦਾ ਜੋ ਰੁਝਾਨ ਹੈ ਉਹ ਇਸ ਤੋਂ ਬੜਾ ਪ੍ਰੇਸ਼ਾਨ ਹੈ। ਉਸਦਾ ਦੋਸਤ ਉਸਨੂੰ ਮੁਬਾਰਕ ਦਿੰਦਾ ਹੈ ਕਿ ਉਸ (ਹਰਦਿਆਲ) ਨੂੰ ਬਿਲਕੁਲ ਪਤਾ ਹੈ ਕਿ ਜ਼ਿੰਦਗੀ ਵਿਚ ਕੀ ਕਰਨਾ ਹੈ। ਹਰਦਿਆਲ ਕਹਿੰਦਾ ਹੈ, "ਜਿਹੜੀ ਜ਼ਿੰਦਗੀ ਦੀ ਗੱਲ ਤੂੰ ਕਰਦਾ ਹੈ ਮੈਨੂੰ ਉਹਦੇ ਬਾਰੇ ਕੀ ਪਤਾ ਹੋ ਸਕਦਾ ਹੈ?

ਉਸਦਾ ਦੋਸਤ ਇਕ ਬੁਝਾਰਤ ਜਿਹੀ ਪਾਉਂਦਾ ਹੋਇਆ ਕਹਿੰਦਾ ਹੈ "ਛੱਡ ਯਾਰ...ਜੇਕਰ ਤੈਨੂੰ ਆਪਣੀ ਜਮਾਤ ਨਾਲ ਪਆਰ ਐ ਤਾਂ ਤੈਨੂੰ ਲਾਜ਼ਮੀ ਪਤਾ ਹੋਵੇਗਾ.." ਅਤੇ ਇਹ ਕਹਿੰਦਿਆਂ ਉਹ ਨਾਲਦੀ ਗਲੀ ਵਿਚ ਗੁੰਮ ਹੋ ਜਾਂਦਾ ਹੈ। "ਲਿਖਣ ਲਈ ਇਕ ਮਜ਼ਮੂਨ ਮੇਰੇ ਜ਼ਿਹਨ ਵਿਚ ਆ ਗਿਆ।" ਹੁਣ ਉਹ ਆਪਣੇ ਖਿਆਲ ਲੋਕਾਂ ਨਾਲ ਸਾਂਝੇ ਕਰਨ ਲਈ ਬਿਲਕੁਲ ਤਿਆਰੀ ਵਿਚ ਸੀ। ਉਸਦਾ ਦੋਸਤ ਉਨ੍ਹਾਂ ਲੋਕਾਂ ਵਿਚੋਂ ਹੈ ਜੋ ਸਿਆਸਤ, ਇਤਹਾਸ ਅਤੇ ਫ਼ਲਸਫ਼ੇ ਦੇ ਮਜ਼ਮੂਨਾਂ ਵਿਚ ਦਿਲਚਸਪੀ ਰੱਖਦੇ ਹਨ। "ਜੇ ਤੁਹਾਨੂੰ ਆਪਣੀ ਜਮਾਤ ਨਾਲ ਪਿਆਰ ਐ..." ਇਕ ਸ਼ੁਰੂਆਤੀ ਨੁਕਤਾ ਵੀ ਹੈ ਤੇ ਸ਼ਸ਼ੋਪੰਜ ਵਿਚ ਪਾਉਣ ਵਾਲਾ ਵੀ। ਕੀ ਕੋਈ ਇਸ ਕਰਕੇ ਲਿਖਦਾ ਹੈ ਕਿ ਉਹਨੂੰ ਆਪਣੀ ਜਮਾਤ ਨਾਲ ਪਿਆਰ
ਹੈ? ਕਿਸੇ ਨੂੰ ਮਜ਼ਦੂਰ ਜਮਾਤ ਨਾਲ ਪਿਆਰ ਕਰਨ ਦੀ ਲੋੜ ਹੀ ਕੀ ਹੈ? ਮੌਜੂਦਾ ਹਾਲਤਾਂ ਦਾ ਨਿਰਨਾਂ ਕਰਨ ਲਈ ਕੀ ਨਫ਼ਰਤ ਨੂੰ ਨਹੀ ਵਰਤਿਆ ਜਾ ਸਕਦਾ? ਇਕ ਸਵਾਲ ਵਿਚੋਂ ਦੂਸਰਾ ਸਵਾਲ ਨਿਕਲਦਾ ਰਹਿੰਦਾ ਹੈ ਤੇ ਹਰ ਰੋਜ਼ ਕਿਸੇ ਨਾ ਕਿਸੇ ਸਵਾਲ ਦਾ ਜਵਾਬ ਦੇਣ ਲਈ ਮਜ਼ਮੂਨ ਮਿਲ ਜਾਂਦਾ ਹੈ।

ਇਨ੍ਹਾਂ ਛੋਟੇ ਲੇਖਾਂ ਦਾ ਵਾਰਤਾਲਾਪੀ ਲਹਿਜ਼ਾ ਹੀ ਇਨ੍ਹਾਂ ਦੀ ਵੱਡੀ ਤਾਕਤ ਹੈ। ਇਹ ਲੇਖਕ ਦੀ ਕਲਮ ਦੀ ਵਾਰਤਾਲਾਪੀ ਸ਼ਕਤੀ ਦਾ ਮੁਜ਼ਾਹਰਾ ਕਰਦੇ ਹਨ। ਇਹ ਲੇਖ ਪੜ੍ਹਕੇ ਇਸ ਤਰ੍ਹਾਂ ਹੀ ਮਹਿਸੂਸ ਹੁੰਦਾ ਹੈ ਜਿਵੇਂ ਖ਼ੁਦ ਹਰਦਿਆਲ ਨਾਲ ਹੀ ਗੱਲ ਕਰ ਲਈ ਹੋਵੇ। ਮਹਿਸੂਸ ਤਾਂ ਏਸ ਤਰ੍ਹਾਂ ਹੀ ਹੁੰਦਾ ਹੈ ਪਰ ਫੇਰ ਵੀ ਲਿਖੇ ਹੋਏ ਅੱਖਰਾਂ ਵਿਚੋਂ ਹਰਦਿਆਲ ਦਾ ਉਹ ਹਾਸਾ ਨਹੀਂ ਲੱਭਦਾ ਜੋ ਬੰਦੇ ਦੀ ਰੂਹ ਖ਼ੁਸ਼ ਕਰ ਦਿੰਦਾ ਹੁੰਦਾ ਸੀ, ਗੱਲਬਾਤ ਦਾ ਮਖ਼ੌਲੀਆ ਲਹਿਜ਼ਾ ਤੇ ਰੋਅਬਦਾਰ ਅੰਦਾਜ਼ ਨਹੀਂ ਲੱਭਦਾ, ਤੇ ਹਰਦਿਆਲ ਦਾ ਉਹ ਖ਼ਲੂਸ ਤੇ ਪਿਆਰ ਨਹੀਂ ਲੱਭਦਾ ਜਿਸਦੀ ਸਾਰ ਸਿਰਫ਼ ਉਹ ਹੀ ਜਾਣਦੇ ਹਨ ਜੋ ਉਸਦੇ ਜ਼ਾਤੀ ਸੰਪਰਕ ਵਿਚ ਆਏ। ਹਰਦਿਆਲ ਦੇ ਕੋਲ ਬਹਿਣਾ ਇਕ ਅਜੇਹੇ ਸ਼ਖ਼ਸ ਕੋਲ ਬਹਿਣਾਂ ਸੀ ਜੋ ਹਰ ਵਕਤ ਅਤੇ ਹਰ ਗੱਲ ਵਿਚ ਮਾਰਕਸਵਾਦ-ਲੈਨਿਨਵਾਦ ਦੇ ਨਿਰਣਿਆਂ ਦੇ ਉਤੇ ਚਲਦਾ ਤੇ ਅਮਲ ਕਰਦਾ ਹੈ। ਏਸੇ ਕਰਕੇ ਹੀ ਉਸਦੀ ਰਾਏ ਅਤੇ ਖਿਆਲ ਏਨੇ ਅਲਿਹਦਾ ਅਤੇ ਅਦਭੁਤ ਲਗਦੇ ਸਨ। ਉਹਦੇ ਪਾਠਕਾਂ ਅਤੇ ਉਸ ਨਾਲ ਗੱਲ ਕਰਨ ਵਾਲਿਆਂ ਨੂੰ ਹਮੇਸ਼ਾਂ ਉਸਦੀ ਸਿਆਣਪ ਅਤੇ ਚੀਜ਼ਾਂ ਦੇ ਧੁਰ ਅੰਦਰ ਤੱਕ ਵੇਖ ਸਕਣ ਦੀ ਕਾਬਲੀਅਤ ਉਤੇ ਹੈਰਾਨੀ ਹੁੰਦੀ ਸੀ। ਉਸ ਨਾਲ ਇਸ ਨੇੜਲੇ ਅਨੁਭਵ ਦਾ ਕੁਝ ਕੁ ਅੰਦਾਜ਼ਾ ਤਾਂ ਇਨ੍ਹਾਂ ਛੋਟੇ ਲੇਖਾਂ ਤੋਂ ਵੀ ਲਗਦਾ ਹੈ। ਜਦੋਂ ਅਸੀਂ ਹਰਦਿਆਲ ਦੀਆਂ ਲਿਖਤਾਂ ਪੜ੍ਹਦੇ ਹਾਂ ਤਾਂ ਯਕੀਨਨ ਕਈ ਵਾਰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਗੱਲ ਕਰਨ ਲਈ ਖ਼ੁਦ ਉਹ ਕੁਝ ਦੇਰ ਲਈ ਸਾਡੇ ਕੋਲ ਹੀ ਆ ਗਿਆ ਹੋਵੇ- ਉਸਦੇ ਪਾਠਕਾਂ ਨੂੰ ਲਗਦਾ ਹੈ ਕਿ ਉਹ ਉਹਨੂੰ ਜਾਣਦੇ ਹਨ।
ਹਰਦਿਆਲ ਦੀਆਂ ਲਿਖਤਾਂ ਦਾ ਲਹਿਜ਼ਾ ਚਾਹੇ ਸਾਦਾ ਅਤੇ ਗੈਰ-ਰਸਮੀ ਹੈ ਪਰ ਹੈਨ ਇਹ ਬੜੀਆਂ ਡੂੰਘੀਆਂ ਅਤੇ ਬੰਦੇ ਨੂੰ ਸੋਚਣ ਤੇ ਮਜਬੂਰ ਕਰਨ ਵਾਲੀਆਂ। ਉਹ ਲੋਕਾਂ ਨੂੰ ਵਿਚਾਰ ਵਟਾਂਦਰੇ ਵਿਚ ਸ਼ਰੀਕ ਹੋਣ ਅਤੇ ਉਨ੍ਹਾਂ ਦੀ ਅਹਿਮੀਅਤ ਅਤੇ ਸਿਟਿਆਂ ਬਾਰੇ ਸੋਚਣ ਲਈ ਹਲਾਸ਼ੇਰੀ ਦੇਂਦੀਆਂ ਹਨ। "ਜੇਕਰ ਤੈਨੂੰ ਆਪਣੀ ਜਮਾਤ ਨਾਲ ਪਿਆਰ ਏ..." ਦਾ ਮਾਸੂਮ ਜਿਹਾ ਫ਼ਿਕਰਾ ਇਕ ਗੁੰਝਲਦਾਰ ਸਮੱਸਿਆ ਪੇਸ਼ ਕਰਦਾ ਹੈ। ਕਿਉਂਕਿ "ਮਜ਼ਦੂਰ ਜਮਾਤ ਵੀ ਬਾਕੀ ਜਮਾਤਾਂ ਵਾਂਗ ਹੀ ਇਕ ਅਸਥਾਈ ਤੇ ਚਲਣਹਾਰ ਜਮਾਤ ਹੈ" ਇਸ ਕਰਕੇ "ਇਕ ਏਨੀ ਅਸਥਾਈ ਅਤੇ ਆਰਜ਼ੀ ਚੀਜ਼ ਨੂੰ ਕੋਈ ਪਿਆਰ ਕਿਉਂ ਕਰੇਗਾ"? ਉਹ ਤਾਂ ਇਸ ਫ਼ਿਕਰੇ ਨੂੰ ਇੰਜ ਕਹਿਣਾਂ ਚਾਹੇਗਾ, "ਮੈਨੂੰ ਮਜ਼ਦੂਰ ਜਮਾਤ ਦੀ ਮੁਕਤੀ ਦੀ ਜਦੋਜਹਿਦ ਵਿਚ ਹਿਸਾ ਲੈਣ ਨਾਲ ਪਿਆਰ ਹੈ"। ਆਪਣੀ ਜਮਾਤ ਨੂੰ ਪਿਆਰ ਉਹ ਲੋਕ ਹੀ ਕਰਦੇ ਹਨ ਜੋ ਇਸ ਨੂੰ ਖ਼ਤਮ ਤੇ ਅਲੋਪ ਹੋਣ ਤੋਂ ਬਚਾਉਣਾਂ ਚਾਹੁੰਦੇ ਹਨ ਤੇ ਮਜ਼ਦੂਰਾਂ ਦਾ ਵਾਸਤਵਿਕ ਤੌਰ ਤੇ ਮਿਸ਼ਨ ਇਹ ਨਹੀਂ ਹੈ। ਇਹ ਲੇਖ ਹਰਦਿਆਲ ਦੀ ਆਪਣੀ ਸਮਾਜੀ ਚੇਤਨਾ ਦੀ ਉਸ ਰਵਾਨੀ ਅਤੇ ਨਿਰੰਤਰਤਾ ਦਾ ਸਬੂਤ ਹਨ ਜੋ ਇਕ ਵਾਰ ਹਾਸਲ ਕਰ ਲਈ ਜਾਵੇ ਤਾਂ ਹਰ ਨਿਕੀ ਵੱਡੀ ਚੀਜ਼ ਵਿਚ ਇਕ ਜਮਾਤੀ ਮਸਲਾ ਵੇਖਦੀ ਹੈ, ਜਮਾਤੀ ਰੰਗ ਵੇਖਦੀ ਹੈ। ਇਨ੍ਹਾਂ ਲੇਖਾਂ ਵਿਚ ਉਹ ਪਾਠਕਾਂ ਨਾਲ ਸਿਧਾ ਨਾਤਾ ਜੋੜਦਾ ਹੈ ਤੇ ਅਜੇਹੀ ਨੇੜਤਾ ਪੈਦਾ ਕਰਦਾ ਹੈ ਜੋ ਪਾਠਕਾਂ ਨੂੰ ਉਹਦੀ ਨਿਤ ਦੀ ਜ਼ਿੰਦਗੀ ਦੇ ਰੁਝੇਵਿਆਂ ਨੂੰ ਅੰਦਰੋਂ ਹੋ ਕੇ ਵੇਖਣ ਲਈ ਸੱਦਦੀ ਹੈ।

ਹਰਦਿਆਲ ਦੇ ਇਹ ਲੇਖ ਭਾਵੇਂ ਆਮ ਤੌਰ ਤੇ ਇਕ ਸਫ਼ੇ ਤੋਂ ਵੱਧ ਦੇ ਨਹੀਂ ਹੰਦੇ ਪਰ ਇਨ੍ਹਾਂ ਵਿਚ ਕੀਤਾ ਗਿਆ ਆਮ ਜ਼ਿੰਦਗੀ ਦੇ ਮਸਲਿਆਂ ਦਾ ਵਿਸ਼ਲੇਸ਼ਣ ਅਤੇ ਨਿਰਣੇ ਸਮਾਜੀ ਚੇਤਨਾ ਲਈ ਇਕ ਤਾਕਤਵਰ ਹਥਿਆਰ ਹੋ ਨਿਬੜਦੇ ਹਨ। ਇਹ ਆਮ ਬੰਦੇ ਦੀ ਸਮਝ ਵਿਚ ਆਉਣ ਵਾਲੇ ਰੋਜ਼ਾਨਾ ਜ਼ਿੰਦਗੀ ਦੇ ਮਜ਼ਮੂਨਾਂ ਬਾਰੇ ਗੱਲ ਕਰਦੇ ਹੋਏ ਇਨ੍ਹਾਂ ਦੀ ਡੂੰਘਾਈ ਵਿਚ ਚਲੇ ਜਾਂਦੇ ਹਨ ਅਤੇ ਪਤੇ ਦੀ ਗੱਲ ਦੱਸ ਕੇ ਲੋਕਾਂ ਨੂੰ ਜਾਗਰੂਕ ਕਰ ਜਾਂਦੇ ਹਨ। ਇਕ ਵਿਅਕਤੀ ਨੂੰ ਸਹਿਜ ਨਾਲ ਕਿਸੇ ਗੱਲ ਬਾਰੇ ਸੋਚਣ ਲਈ ਰਾਜ਼ੀ ਕਰਕੇ ਉਸਨੂੰ ਇਸ ਬਾਰੇ ਹੋਰ ਡੂੰਘੀ ਤਰ੍ਹਾਂ ਸੋਚਣ ਵੱਲ ਲਿਆਂਦਾ ਜਾ ਸਕਦਾ ਹੈ। ਇਹ ਇਕ ਸ਼ੁਗਲ ਦੀ ਗੱਲ ਲਗਦੀ ਹੈ ਕਿ

ਹੋਰ ਬਹੁਤ ਸਾਰੇ ਲੋਕਾਂ ਵਾਂਗ ਹਰਦਿਆਲ ਵੀ ਅਨੇਕਾਂ ਵਾਰੀ ਮੌਸਮ ਦੀਆਂ ਗੱਲਾਂ ਕਰਦਾ ਹੈ। ਪਰ ਮੌਸਮ ਦੀ ਗੱਲ ਨੂੰ ਉਹ ਸਿਰਫ਼ ਮੌਸਮ ਤੇ ਹੀ ਨਹੀਂ ਛੱਡ ਦੇਂਦਾ। ਮੌਸਮ ਦੀ ਗੱਲ ਕਰਦਿਆਂ ਉਹ ਸਵਾਲ ਵੀ ਉਠਾਉਂਦਾ ਹੈ ਅਤੇ ਸਮਝਾਉਂਦਾ ਵੀ ਹੈ ਕਿ ਆਮ ਲੋਕਾਂ ਨੂੰ ਮੌਸਮ ਵਾਂਗ ਹੀ ਸਿਆਸਤ ਅਤੇ ਆਰਥਕਤਾ ਦੇ ਮੋੜਾਂ ਘੋੜਾਂ ਦੀ ਵੀ ਸਮਝ ਕਿਉਂ ਨਹੀਂ ਲਗਦੀ ਅਤੇ ਮੌਸਮ ਵਾਂਗ ਹੀ ਉਹ ਇਨ੍ਹਾਂ ਨੂੰ ਆਪਣੇ ਵੱਸੋਂ ਬਾਹਰ ਦੀਆਂ ਗੱਲਾਂ ਕਿਉਂ ਸਮਝਦੇ ਹਨ। ਅਤੇ ਉਨ੍ਹਾਂ ਨੂੰ ਉਕਸਾਉਂਦਾ ਹੈ ਪਈ ਸੋਚਣ ਕਿ ਸਮਾਜ ਅੰਦਰ ਕਿਹੜੀ ਚੀਜ਼ ਨੂੰ ਉਹ ਆਪਣੇ ਕਾਬੂ ਵਿਚ ਲਿਆ ਸਕਦੇ ਹਨ ਤੇ ਕਿਹੜੀ ਨੂੰ ਨਹੀਂ ਲਿਆ ਸਕਦੇ। ਇਸ ਲਈ, ਉਹ ਆਪਣੇ ਆਪ ਤੇ ਸਵਾਲ ਕਰਨਾ ਸ਼ੁਰੂ ਕਰਦਾ ਹੈ, "ਲੋਕ ਆਪਣੀ ਜ਼ਿੰਦਗੀ ਆਪਣੇ ਵੱਸ ਵਿਚ ਕਿਉਂ ਨਹੀਂ ਕਰ ਸਕਦੇ? ਉਹ ਇਤਹਾਸ ਦੀ ਸਿਰਜਣਾਂ ਇਕ ਜਾਗਰੂਕ ਤਰੀਕੇ ਨਾਲ ਕਿਉਂ ਨਹੀਂ ਕਰ ਸਕਦੇ ਜੋ ਸਮਾਜੀ ਵਿਕਾਸ ਦੇ ਅਸੂਲਾਂ ਦੇ ਅਨੁਸਾਰ ਹੋਵੇ?"

ਹਮੇਸ਼ਾਂ ਇਕ ਸਧਾਰਨ ਜਿਹੀ ਗੱਲ ਤੋਂ ਸ਼ੁਰੂ ਕਰਕੇ ਆਪਣੇ ਪਾਠਕਾਂ ਦੇ ਦਿਮਾਗ ਨੂੰ ਮਸਲੇ ਦੀ ਤਹਿ ਤੱਕ ਜਾਣ ਬਾਰੇ ਸੋਚਣ ਲਈ ਅੱਗੇ ਤੋਰ ਦੇਣਾ, ਆਮ ਤੋਂ ਗੁੰਝਲਦਾਰ ਵੱਲ ਲੈ ਜਾਣਾਂ, ਓਪਰੀ ਸੋਚ ਤੋਂ ਤੋਰ ਕੇ ਡੂੰਘਾਈ ਤੱਕ ਲੈ ਜਾਣਾਂ, ਅਤੇ ਕਾਲਪਨਿਕ ਤੋਂ ਵਾਸਤਵਿਕ ਵਿਚ ਲੈ ਜਾਣਾਂ ਹਰਦਿਆਲ ਦੀ ਲਿਖਤ ਦੀ ਇਕ ਵੱਡੀ ਖ਼ੂਬੀ ਹੈ। ਉਸਦੇ ਲਿਖਣ ਦੀ ਇਸ ਜੁਗਤ ਤੋਂ ਸਾਰੇ ਪਾਠਕ ਹੈਰਾਨ ਹੋ ਜਾਂਦੇ ਹਨ ਅਤੇ ਉਸਦੀ ਕਲਮ ਦੀ ਤਾਕਤ ਦੇ ਕਾਇਲ ਹੋ ਜਾਂਦੇ ਹਨ। ਹਰਦਿਆਲ ਕਦੇ ਵੀ ਅਡੰਬਰਾਂ ਭਰੇ ਵੱਡੇ-ਵੱਡੇ ਲਫ਼ਜ਼ ਨਹੀਂ ਲਿਖਦਾ ਤੇ ਨਾਂ ਹੀ ਐਧਰ ਓਧਰ ਦੀਆਂ ਫ਼ਜ਼ੂਲ ਗੱਲਾਂ ਵਿਚ ਪੈਂਦਾ ਹੈ। ਉਹ ਆਪਣੇ ਪਾਠਕਾਂ ਨਾਲ ਵਿਚਾਰ ਸਾਂਝੇ ਕਰਨ ਲਈ ਬੜੀ ਸਾਦਾ ਤੇ ਸੰਖੇਪ ਜ਼ਬਾਨ ਵਰਤਦਾ ਹੈ ਅਤੇ
ਨੁਕਤੇ ਦੀ ਗੱਲ ਕਰਦਾ ਹੈ। ਉਹ ਬਾਰ ਬਾਰ ਸਾਬਤ ਕਰਦਾ ਹੈ ਕਿ ਡੂੰਘੇ ਤੇ ਗੁੰਝਲਦਾਰ ਮਸਲਿਆਂ ਬਾਰੇ ਬਹੁਤੇ ਢੱਦੇਦਾਰ ਤੇ ਗੁੰਝਲਦਾਰ ਲਫ਼ਜ਼ ਵਰਤਣ ਦੀ ਲੋੜ ਨਹੀਂ ਹੁੰਦੀ ਬਲਕਿ ਬੜੇ ਸਾਦਾ ਅਤੇ ਆਮ ਬੰਦੇ ਦੀ ਸਮਝ ਵਿਚ ਆਉਣ ਵਾਲੇ ਲਫ਼ਜ਼ਾਂ ਵਿਚ ਵੀ ਬੜੀ ਅਸਰਦਾਰ ਗੱਲ ਕੀਤੀ ਜਾ ਸਕਦੀ ਹੈ। ਸਪੱਸ਼ਟ ਸੋਚਣ ਲਈ ਸਾਦਾ ਲਫ਼ਜ਼ਾਂ ਦੀ ਵਰਤੋਂ ਹੀ ਕਾਫ਼ੀ ਹੈ। ਹਰਦਿਆਲ ਦਾ ਲਿਖਣ ਢੰਗ ਸਾਦਗੀ, ਸਪੱਸ਼ਟਤਾ ਅਤੇ ਨੁਕਤੇ ਦੀ ਗੱਲ ਕਰਨ ਦੀ ਇਕ ਮਿਸਾਲ ਹੈ ਜਦਕਿ ਆਮ ਮੈਗਜ਼ੀਨਾ ਅਤੇ ਰਸਾਲਿਆਂ ਦੀਆਂ ਬਹੁਤੀਆਂ ਲਿਖਤਾਂ ਵਿਚ ਲਿਖਣ ਦਾ ਤਰੀਕਾ ਇਕ-ਪਾਸੜ ਅਤੇ ਮੰਤਵ ਅਸਲੀ ਗੱਲ ਨੂੰ ਲੁਕਾਉਣ ਵਾਲਾ ਹੁੰਦਾ ਹੈ। ਹਰਦਿਆਲ ਦਾ ਤਰੀਕਾ ਦਿਮਾਗ ਦੀ ਧੁੰਦ ਨੂੰ ਚੁਕਦਾ ਹੈ, ਸੋਚ ਨੂੰ ਅੱਗੇ ਤੋਰਦਾ ਹੈ ਅਤੇ ਜ਼ਿਹਨ ਨੂੰ ਵੰਗਾਰਦਾ ਹੈ, ਅਤੇ ਕਈ ਵਾਰੀ ਤਾਂ ਪਾਠਕ ਇਹ ਵੀ ਸੋਚਣ ਲਗਦਾ ਹੈ ਕਿ ਭਲਾ ਮੈਂ ਇਹ ਗੱਲ ਹਰਦਿਆਲ ਵਾਲੇ ਤਰੀਕੇ ਕਿਉਂ ਨਹੀਂ ਕਰ ਸਕਦਾ। ਹਰਦਿਆਲ ਦੀ ਇਸ ਸਾਦਗੀ ਅਤੇ ਸਪੱਸ਼ਟਤਾ ਦਾ ਰਾਜ਼ ਉਸਦਾ ਚਾਲੀ ਸਾਲਾਂ ਦਾ ਉਹ ਤਜਰਬਾ ਹੈ ਜੋ ਉਸਨੇ ਲੋਕਾਂ ਨਾਲ ਗੱਲਾਂਬਾਤਾਂ ਕਰਨ, ਉਨ੍ਹਾਂ ਨੂੰ ਸਮਝਾਉਣ ਅਤੇ ਆਪਣੀ ਗੱਲ ਦੇ ਕਾਇਲ ਕਰਾਉਣ, ਦੁਨੀਆਂ ਭਰ ਦੇ ਮਸਲਿਆਂ ਬਾਰੇ ਖਿਆਲਾਂ ਤੇ ਵਿਚਾਰਾਂ ਦੀ ਤਹਿਕੀਕਾਤ ਕਰਨ ਅਤੇ ਲੋਕਾਂ ਵਿਚ ਲਿਜਾਣ ਰਾਹੀ ਹਾਸਲ ਕੀਤਾ।

ਇਨ੍ਹਾਂ ਲੇਖਾਂ ਨੂੰ ਪੜ੍ਹਦਿਆਂ ਕਈ ਵਾਰ ਬੰਦਾ ਪੜ੍ਹਨਾਂ ਛੱਡ ਦਿੰਦਾ ਹੈ ਤੇ ਲੇਖ ਵਿਚ ਉਠਾਏ ਗਏ ਮਸਲਿਆਂ ਬਾਰੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਹਰਦਿਆਲ ਆਮ ਹੀ ਇਹੋ ਜਿਹੇ ਲਫ਼ਜ਼ਾਂ ਦੇ ਮਾਅਨੇ ਪੇਸ਼ ਕਰਦਾ ਹੈ ਜੋ ਲੋਕੀ ਸਮਝਦੇ ਹਨ ਕਿ ਉਨ੍ਹਾਂ ਸਾਰਿਆਂ ਨੂੰ ਪਤਾ ਹੀ ਹਨ। ਪਰ ਉਸਦੇ ਕੱਢੇ ਹੋਏ ਅਰਥ ਨਵੇਂ ਅਤੇ ਵੱਖਰੀ ਕਿਸਮ ਦੇ ਹੁੰਦੇ ਹਨ। ਮਿਸਾਲ ਦੇ ਤੌਰ ਤੇ ਉਹ ਕਈ ਦਫ਼ਾ ਇਸ ਧਾਰਨਾ ਬਾਰੇ ਗੱਲ ਕਰਦਾ ਹੈ ਕਿ ਇਨਸਾਨ ਹੋਣ ਦਾ ਮਤਲਬ ਕੀ ਹੈ। ਪੂੰਜੀਵਾਦੀ ਮੁਲਕਾਂ ਵਿਚਲੇ ਤਬਾਹਕੁੰਨ ਵਾਤਾਵਰਣ ਦੇ ਬਾਵਜੂਦ ਵੀ ਮਾਣਸਜ਼ਾਤ ਲਗਾਤਾਰ ਕੋਸ਼ਿਸ਼ਾਂ ਕਰਦੀ ਹੈ ਕਿ ਇਨਸਾਨੀਅਤ ਨੂੰ ਹੋਰ ਅੱਗੇ ਲਿਜਾਇਆ ਜਾਵੇ। ਉਹ ਸਮਾਜੀ ਚੇਤਨਾ, ਪਿਆਰ, ਖ਼ੁਸ਼ੀ, ਅਤੇ ਝੂਠ ਵਰਗੀਆਂ ਆਮ ਜ਼ਿੰਦਗੀ ਦੀਆਂ ਸਧਾਰਣ ਤੇ ਸੰਜੀਦਾ ਗੱਲਾਂ ਨੂੰ ਵੀ ਛੇੜਦਾ, ਵਿਚਾਰਦਾ ਅਤੇ ਨਵੇਂ ਅਰਥ ਦਿੰਦਾ ਹੈ।

ਬੁਰਜੁਆ ਤਾਲੀਮ "ਸਮਾਜ ਅਤੇ ਕੁਦਰਤ ਵੱਲ ਆਪਣੀ ਇਕ ਤਰਫ਼ਾ, ਮਕਾਨਕੀ ਅਤੇ ਸਵਾਰਥੀ ਪਹੁੰਚ ਰਾਹੀਂ," ਸਮਾਜੀ ਚੇਤਨਾਂ ਨੂੰ ਤਬਾਹ ਕਰਦੀ ਹੈ। ਸੱਠਵਿਆਂ ਦੇ ਦਹਾਕੇ ਦੇ ਅੰਦੋਲਨਾਂ ਦਾ ਇਕ ਉਸਾਰੂ ਨਤੀਜਾ "ਜਮਹੂਰੀ ਨਵੀਨੀਕਰਨ ਲਈ ਜਦੋਜਹਿਦ, ਰੌਸ਼ਨ ਖਿਆਲੀ ਲਈ ਲਹਿਰ ਅਤੇ ਲੋਕਾਂ ਦੀ ਆਪਣੀ ਜ਼ਿੰਦਗੀ ਆਪਣੇ ਵੱਸ ਕਰਨ ਦੀ ਤਾਂਘ" ਵਿਚ ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਲੋਕ "ਸਿਧਾਂਤ ਦੇ ਖੇਤਰ ਵਿਚ ਤਕੜੇ ਹੋ ਰਹੇ ਹਨ ਤੇ ਵਿਅਕਤੀਗਤ, ਸਮੂਹਕ ਅਤੇ ਸਾਰੇ ਸਮਾਜ ਵਿਚ ਤਬਦੀਲੀਆਂ ਲਿਆਉਣ ਲਈ ਸਮਾਜੀ ਚੇਤਨਾਂ ਦੇ ਰੋਲ ਨੂੰ ਹੋਰ ਅਹਿਮੀਅਤ ਦੇ ਰਹੇ ਹਨ।" ਹਰਦਿਆਲ ਦੇ ਕਹਿਣ ਅਨੁਸਾਰः "ਜੋ ਇਤਹਾਸ ਦੇ ਪਿਛੇ ਛੱਡੇ ਹੋਏ ਗੰਦ-ਮੰਦ ਵਿਚ ਲਿਟਕੇ ਖ਼ੁਸ਼ ਰਹਿੰਦੇ ਹਨ ਉਨ੍ਹਾਂ ਲਈ ਸਮਾਂ ਕਦੇ ਮੁੜਕੇ ਨਹੀਂ ਆਉਂਦਾ। ਐਪਰ, ਸੱਠਵਿਆਂ ਦੀ ਪੀੜੀ ਵਰਤਮਾਨ ਵਿਚ ਏਸ ਉਤਸ਼ਾਹ ਨਾਲ ਜਦੋਜਹਿਦ ਕਰ ਰਹੀ ਹੈ ਕਿ ਮਨੁਖਤਾ ਲਈ ਇਕ ਨਵੇਂ ਨਕੋਰ ਸਮਾਜ ਦੀ ਉਸਾਰੀ ਕਰਨੀ ਹੈ।"

ਪਿਆਰ ਬਾਰੇ ਗੱਲ ਕਰਦਿਆਂ ਹਰਦਿਆਲ ਸੋਚਦਾ ਹੈ ਕਿ ਇਹ ਕਿਤੇ, "ਸਿਰਫ਼ ਬੰਦੇ ਨੂੰ ਓਸ ਕੰਮ ਵਿਚ ਫ਼ਸਾਉਣ ਦਾ ਤਰੀਕਾ ਮਾਤਰ ਹੀ ਤਾਂ ਨਹੀਂ ਜਿਹਨੂੰ ਕਰਨ ਲਈ ਉਹ ਵੈਸੇ ਤਿਆਰ ਨਾ ਹੋਵੇ।" ਉਹ ਪੁਛਦਾ ਹੈः "ਕੀ ਇਹ ਉਨ੍ਹਾਂ ਲੋਕਾਂ ਲਈ ਇਕ ਲੁਕਣ ਦਾ ਜ਼ਰੀਆ, ਆਪਣੇ ਆਪ ਨੂੰ ਤਸੱਲੀ ਦੇਣ ਦਾ ਇਕ ਵਸੀਲਾ ਤਾਂ ਨਹੀ ਜੋ ਇਸ ਅਸਲੀਅਤ ਦਾ ਸਾਹਮਣਾਂ ਕਰਨ ਤੋਂ ਡਰਦੇ ਹਨ ਕਿ ਪਿਆਰ ਵੀ ਸਿਆਸਤਦਾਨਾਂ ਦੇ ਲਾਰਿਆਂ ਵਰਗਾ ਖੋਖਲਾ, ਤੱਤ-ਰਹਿਤ ਅਤੇ ਕੁਸੈਲਾ ਹੁੰਦਾ ਹੈ।" ਉਹ ਦਲੀਲ ਦਿੰਦਾ ਹੈ ਕਿ ਪਿਆਰ ਇਤਹਾਸ ਤੋਂ ਉਪਰ ਨਹੀਂ। ਉਸਦੇ ਸਵਾਲ ਪੜ੍ਹਦਿਆਂ ਅਗਲੇ ਨੇ ਸ਼ਾਇਦ ਇਹ ਗੱਲ ਸੋਚੀ ਹੀ ਨਾ ਹੋਵੇ। ਇਸ ਤਰੀਕੇ ਨਾਲ ਦਿਤੀ ਪਿਆਰ ਦੀ ਪ੍ਰੀਭਾਸ਼ਾ ਬਾਰੇ ਗੌਰ ਕਰਦਿਆਂ ਬੰਦਾ ਪਿਆਰ ਦੇ ਆਪਣੇ ਸੰਕਲਪ ਵਿਚ ਤਬਦੀਲੀ ਕਰਨ ਬਾਰੇ ਸੋਚਣ ਤੇ ਮਜਬੂਰ ਹੋ ਜਾਂਦਾ ਹੈ ਤੇ ਸੋਚਦਾ ਹੈ ਕਿ ਸ਼ਾਇਦ ਪਿਆਰ ਵੀ
ਜਮਾਤੀ ਖ਼ਾਸੇ ਤੋਂ ਬਗ਼ੈਰ ਨਹੀਂ।

ਸਮਾਜੀ ਚੇਤਨਾ ਅਤੇ ਪਿਆਰ ਤੋਂ ਅੱਗੇ ਤੁਰਕੇ ਹਰਦਿਆਲ ਝੂਠ ਅਤੇ ਝੂਠ ਬੋਲਣ ਦੇ ਮਾਹਰਾਂ ਬਾਰੇ ਗੱਲ ਛੇੜਦਾ ਹੋਇਆ ਦੱਸਦਾ ਹੈ ਕਿ ਝੂਠ ਬੋਲਣ ਦੀ ਆਦਤ "ਜ਼ੋਰਾਵਰਾਂ ਅਤੇ ਉਨ੍ਹਾਂ ਦੇ ਗੁਮਾਸ਼ਤਿਆਂ ਵਿਚ ਬੜੀ ਪ੍ਰਚੱਲਤ ਚੀਜ਼ ਹੈ।" ਹਰਦਿਆਲ ਉਨ੍ਹਾਂ

ਜੁਗਾੜਾਂ ਬਾਰੇ ਗੱਲ ਕਰਦਾ ਹੈ ਜੋ ਸਾਰਿਆਂ ਨੂੰ ਪਿਛੇ ਖਿਚੂ ਸਮਾਜੀ ਚੇਤਨਾ ਨਾਲ ਜਕੜ ਕੇ ਰੱਖਦੇ ਹਨ ਅਤੇ ਉਨ੍ਹਾਂ ਪੇਸ਼ਾਵਰ ਝੂਠ ਬੋਲਣ ਵਾਲਿਆਂ ਵੱਲ ਇਸ਼ਾਰਾ ਕਰਦਾ ਹੈ ਜੋ ਸਮਾਜ ਨੂੰ ਆਪਣੇ ਝੂਠ ਅਤੇ ਕੁਫਰ ਦੀ ਮਾਰ ਨਾਲ ਮਾਰਦੇ ਹਨ। ਇਥੇ ਇਕ ਦਫਾ ਫੇਰ ਹਰਦਿਆਲ ਇਕ ਅਸਧਾਰਨ ਪ੍ਰਿਭਾਸ਼ਾ ਦਿੰਦਾ ਹੈ, "ਝੂਠ ਬੋਲਣਾਂ ਸਮਾਜ ਉਤੇ ਇਕ ਜਥੇਬੰਦ ਹਮਲਾ ਕਰਨਾ ਹੈ ਜਿਸਦਾ ਮਕਸਦ ਮੌਜੂਦਾ ਹਾਲਾਤ ਨੂੰ ਬਰਕਰਾਰ ਰੱਖਣ ਦਾ ਹੈ ਅਤ ਧੰਨ ਦੌਲਤ ਦੇ ਮਾਲਕ ਫ਼ਿਤਰਤਨ ਇਸ ਕੰਮ ਵਿਚ ਬੜੇ ਮਾਹਰ ਹਨ। ਝੂਠ-ਫਰੇਬ ਦਾ ਕੰਮ ਜੁਗਤ ਨਾਲ ਕਰਵਾਉਣ ਲਈ ਇਹ ਆਪਣੇ
ਜ਼ਰਖ਼ਰੀਦ ਯੋਧਿਆਂ ਨੂੰ ਵਰਤਦੇ ਹਨ ਜੋ ਝੂਠ ਨੂੰ ਸੱਚ ਬਣਾਕੇ ਪੇਸ਼ ਕਰਨ ਦੀ ਕਲਾ ਵਿਚ ਅਤੀ ਨਿਪੁੰਨ ਹੁੰਦੇ ਹਨ।" ਜੇ ਕੋਈ ਸੀ.ਬੀ.ਸੀ., ਸੀ.ਬੀ.ਐਸ, ਬੀ.ਬੀ.ਸੀ.,' ਏ.ਬੀ.ਸੀ., ਐਨ.ਬੀ.ਸੀ. ਅਤੇ ਫੌਕਸ ਵਰਗੇ ਨਿਊਜ਼ ਚੈਨਲ ਵੇਖੇ ਤਾਂ ਉਪਰਲੇ ਕਥਨ ਦੀ ਸਚਾਈ ਦਾ ਪਤਾ ਲਗਦਾ ਹੈ ਕਿ ਵਾਕਈ ਜਿਨ੍ਹਾਂ ਨੂੰ ਇਹ ਖ਼ਬਰਾਂ ਕਹਿਕੇ ਪੇਸ਼ ਕਰਦੇ ਹਨ ਉਹ ਝੂਠ, ਫਰੇਬ ਅਤੇ ਮਕਰ-ਵਿਦਿਆ ਦੇ ਬਗੈਰ ਹੋਰ ਕੁਝ ਨਹੀਂ।

ਲੋਕਾਂ ਦੀ ਸਮਾਜੀ ਚੇਤਨਤਾ ਵਿਚ ਵਾਧਾ ਹੋਣ ਦੇ ਸੰਕਲਪ ਦੇ ਅਰਥ ਵੀ ਹਰਦਿਆਲ ਦੀ ਲਿਖਤ ਵਿਚ ਇਕ ਵਖਰੀ ਕਿਸਮ ਦੇ ਹਨ। ਉਹ ਖ਼ੁਸ਼ੀ ਵਾਰੇ ਸਵਾਲ ਉਠਾਉਂਦਾ ਹੋਇਆ ਦਸਦਾ ਹੈ ਕਿ ਜਦੋਂ ਸਾਰਿਆਂ ਦੀ ਖ਼ੁਸ਼ੀ ਦੀ ਥਾਂ ਸਿਰਫ਼ ਥੋੜਿਆਂ ਜਿਹਿਆਂ ਦੀ ਖ਼ੁਸ਼ੀ ਦਾ ਹੀ ਖਿਆਲ ਰੱਖਿਆ ਜਾਂਦਾ ਹੈ ਤਾਂ ਸਮੱਸਿਆ ਖੜ੍ਹੀ ਹੁੰਦੀ ਹੈਃ "ਪੂੰਜੀਵਾਦੀ ਸਮਾਜ ਕਹਿੰਦਾ ਹੈ ਕਿ ਹਰੇਕ ਨੂੰ ਸਿਰਫ਼ ਆਪਣੀ ਹੀ ਖ਼ੁਸ਼ੀ ਨਾਲ ਸਰੋਕਾਰ ਰੱਖਣਾਂ ਚਾਹੀਦਾ ਹੈ। ਲੋਕਾਂ ਦੇ ਆਪਣੀ ਖ਼ੁਸ਼ੀ ਹਾਸਲ ਕਰਨ ਉਤੇ ਮੈਨੂੰ ਬਿਲਕੁਲ ਕੋਈ ਇਤਰਾਜ਼ ਨਹੀਂ। ਲੇਕਨ ਸਵਾਲ ਉਠਦਾ ਹੈ ਕਿ ਸਾਰਿਆਂ ਦੀ ਖ਼ੁਸ਼ੀ ਦਾ ਖ਼ਿਆਲ ਰੱਖੇ ਬਗੈਰ ਵਿਅਕਤੀਗਤ ਖ਼ੁਸ਼ੀ ਕਿਸ ਤਰ੍ਹਾਂ ਹਾਸਲ ਹੋ ਸਕਦੀ ਹੈ?"

ਇਸ ਲਈ ਉਸਨੂੰ ਲਗਦਾ ਹੈ ਕਿ ਇਹ "ਬੜੀ ਮਾੜੀ ਗੱਲ ਹੈ ਕਿ ਬਹੁਤੇ ਲੋਕੀ ਮਸਲਿਆਂ ਦਾ ਹੱਲ ਸਮਾਜ ਵਿਚ ਨਹੀਂ ਟੋਲਦੇ ਜਿਥੋਂ ਇਹ ਪੈਦਾ ਹੁੰਦੇ ਹਨ ਬਲਕਿ ਆਪਣੇ ਆਪ ਵਿਚ ਟੋਲਦੇ ਹਨ।" ਪੂੰਜੀਵਾਦ ਦੀ ਹੈਵਾਨੀਅਤ ਨੂੰ ਉਹ ਏਨੀ ਬੁਰੀ ਤਰ੍ਹਾਂ ਮਹਿਸੂਸ ਕਰਦਾ ਹੈ ਲਗਦਾ ਹੈ ਕਿ ਇੰਜ ਜਾਪਦਾ ਹੈ ਕਿ ਸ਼ਾਇਦ ਉਸਨੂੰ ਇਨ੍ਹਾਂ ਦਾ ਬੜਾ ਡਾਹਡਾ ਜ਼ਾਤੀ ਤਜਰਬਾ ਵੀ ਹੈ। ਉਹ ਲੋਕਾਂ ਨੂੰ ਯਾਦ ਕਰਾਉਂਦਾ ਹੈ ਕਿ ਕਿਵੇਂ ਉਹ ਆਪਣੇ ਜੀਵਨ ਦੀ ਤੰਗੀਆਂ-ਤੁਰਸ਼ੀਆਂ ਅਤੇ "ਥੁੜਾਂ" ਨੂੰ ਸਵੀਕਾਰ ਕਰਕੇ ਬੈਠ ਗਏ ਹੋਏ ਹਨ।

ਹਰਦਿਆਲ ਦੀਆਂ ਲਿਖਤਾਂ ਏਨੀਆਂ ਦਿਲਕੱਸ਼, ਪ੍ਰਭਾਵਸ਼ਾਲੀ ਅਤੇ ਪੁਰਜੋਸ਼ ਹਨ ਕਿ ਪੜ੍ਹਦਿਆਂ ਪੜ੍ਹਦਿਆਂ ਕਈ ਵਾਰੀ ਉਸਦੇ ਲਫ਼ਜ਼ਾਂ ਨੂੰ ਲਿਖ ਲੈਣ ਨੂੰ ਜੀ ਕਰਦਾ ਹੈ। ਜਿਸ ਤਰੀਕੇ ਨਾਲ ਹਰਦਿਆਲ ਗੱਲ ਕਰਦਾ ਸੀ ਉਸ ਤਰ੍ਹਾਂ ਹੋਰ ਕੋਈ ਨਹੀਂ ਕਰਦਾ, ਤੇ ਜਿਨ੍ਹਾਂ ਨੂੰ ਵੀ ਹਰਦਿਆਲ ਨੂੰ ਸੁਣਨ ਦਾ ਮੌਕਾ ਨਸੀਬ ਹੋਇਆ ਉਹ ਉਸ ਦੀਆਂ ਗੱਲਾਂ ਨੂੰ ਯਾਦ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਥਾਂ ਹੋਰ ਕੋਈ ਨਹੀ ਲੈ ਸਕਦਾ, ਅਤੇ ਉਨ੍ਹਾਂ ਨੂੰ ਸੁਣਕੇ ਬੰਦਾ ਸੋਚਣ ਲਈ ਮਜਬੂਰ ਹੋ ਜਾਂਦਾ ਸੀ। ਇਨ੍ਹਾਂ ਲੇਖਾਂ ਨੂੰ ਪੜ੍ਹਦੇ ਹੋਏ ਕਈਆਂ ਨੂੰ ਉਹ ਵੇਲੇ ਯਾਦ ਆਉਣਗੇ ਜਦੋਂ ਉਹ ਹਰਦਿਆਲ ਨੂੰ ਮਿਲੇ ਤੇ ਉਸ ਨਾਲ ਵਾਰਤਾਲਾਪ ਕੀਤੇ। ਇਨ੍ਹਾਂ ਲੇਖਾਂ ਨੂੰ ਪੜ੍ਹਕੇ ਸਾਰੀਆਂ ਗੱਲਾਂ ਜਾਣੀਆਂ ਪਛਾਣੀਆਂ ਲਗਦੀਆਂ ਹਨ।

ਇਸ ਤਰ੍ਹਾਂ ਦਾ ਇਕ ਵਾਕਿਆ ਉਹ ਹੈ ਜਦ ਹਰਦਿਆਲ ਦਸਦਾ ਹੈ, "ਮੇਰੀ ਉਨ੍ਹਾਂ ਸਾਰਿਆਂ ਨਾਲ ਹੀ ਬਹੁਤ ਖੜਕਦੀ ਸੀ ਜੋ ਇਨਸਾਨੀਅਤ ਦੀ ਸਮਰੱਥਾ ਨੂੰ ਘਟਾ ਕੇ ਵੇਖਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਸਿਰਫ਼ ਇਨਸਾਨੀਅਤ ਦੇ ਸਿਰੜ ਅਤੇ ਤਾਕਤ ਕਰਕੇ ਹੀ ਮੈਨੂੰ ਇਹ ਭਰੋਸਾ ਬੱਝਿਆ ਹੋਇਆ ਹੈ ਕਿ ਤਰਕ ਜ਼ਿੰਦਾ ਹੈ। ਅਸੀਂ ਜੋ ਕੁਝ ਵੀ ਹਾਂ ਆਪਣੇ ਆਪ ਕਰਕੇ ਹਾਂ ਅਤੇ ਅਸੀ ਜੋ ਕੁਝ ਵੀ ਹਾਂ ਉਸ ਚੀਜ਼ ਕਰਕੇ ਹਾਂ ਜੋ ਅਸੀਂ ਹਾਸਲ ਕਰਨਾਂ ਚਾਹੁੰਦੇ ਹਾਂ।" ਇਹ ਫਿਕਰੇ ਪੜ੍ਹਦੇ ਹੋਏ ਬੰਦਾ ਇਹੋ ਗੱਲਾਂ ਕਹਿੰਦੇ ਹੋਏ ਕਰੀਬ ਕਰੀਬ ਫੇਰ ਉਸਦੀ ਆਵਾਜ਼ ਨੂੰ ਸੁਣ ਸਕਦਾ ਹੈ, ਅਤੇ ਆਸ ਹੈ ਕਿ ਇਥੇ ਲਿਖੇ ਹੋਏ ਲਫ਼ਜ਼ਾਂ ਵਿਚਲਾ ਜਜ਼ਬਾ ਹਰਦਿਆਲ ਦੇ ਨਵੇਂ ਪਾਠਕਾਂ ਨੂੰ ਵੀ, ਜਿਨ੍ਹਾਂ ਨੂੰ ਹਰਦਿਆਲ ਨਾਲ ਉਸਦੇ ਜਿਉਂਦੇ ਜੀ ਆਹਮੋ ਸਾਹਮਣੇ ਗੱਲ ਕਰਨ ਦਾ ਮੌਕਾ ਹੱਥ ਨਹੀਂ ਸੀ ਲੱਗਾ, ਇਸੇ ਤਰ੍ਹਾਂ ਮੁਤਾਸਿਰ ਕਰੇਗਾ।

ਹਰਦਿਆਲ ਦੀ ਤੇਜ਼ ਨਜ਼ਰ ਤੋਂ ਕੋਈ ਛੋਟੀ ਤੋਂ ਛੋਟੀ ਚੀਜ਼ ਵੀ ਨਹੀਂ ਸੀ ਬੱਚ ਸਕਦੀ ਜਿਸ ਵਿਚੋਂ ਉਸਨੂੰ ਕੋਈ ਨਾ ਕੋਈ ਜਮਾਤੀ ਸਬਕ ਨਾਂ ਲੱਭਦਾ ਹੋਵੇ। ਨਿਤ ਦੀਆਂ ਨਿਕੀਆਂ ਨਿਕੀਆਂ ਘਟਨਾਵਾਂ ਵੀ ਉਸਦਾ ਧਿਆਨ ਖਿਚਦੀਆਂ ਹਨ ਤੇ ਓਸਦੇ ਜ਼ਿਹਨ ਵਿਚ ਸਵਾਲ ਖੜੇ ਕਰਦੀਆਂ ਹਨ। ਮਿਸਾਲ ਦੇ ਤੌਰ ਤੇ ਬੱਚਿਆਂ ਨੂੰ ਖੇਡਣ ਲਈ ਲਿਆਉਣ-ਲਿਜਾਣ ਜਾਂ ਪੜ੍ਹਨ ਲਈ ਸਕੂਲੇ ਲਿਆਉਣ-ਲਿਜਾਣ ਦੇ ਮਾਪਿਆਂ ਦੇ ਅਮਲ ਤੋਂ ਉਹ ਸਵਾਲ ਉਠਾਉਂਦਾ ਹੈ ਕਿ ਮਾਂ-ਬਾਪ ਜਥੇਬੰਦ ਹੋ ਕੇ ਇਹ ਮੰਗ ਕਿਉਂ ਨਹੀਂ ਕਰਦੇ ਕਿ ਇਹ ਕੰਮ ਸਮਾਜ ਆਪਣੇ ਜੁੰਮੇ ਲਵੇ?
ਹਰਦਿਆਲ ਨਿਤ ਜੀਵਨ ਦੇ ਆਮ ਮਾਮਲਿਆਂ ਬਾਰੇ ਗੱਲ ਕਰਦਾ ਹੋਇਆ ਇਨ੍ਹਾਂ ਦੀ ਤਹਿ ਤੱਕ ਜਾ ਪਹੁੰਚਦਾ ਹੈ ਤੇ ਵਿਖਾਲਦਾ ਹੈ ਕਿ ਨਿਕੀ ਤੋਂ ਨਿਕੀ ਅਤੇ ਮਾਮੂਲੀ ਤੋਂ ਮਾਮੂਲੀ ਲਗਦੀ ਗੱਲ ਵੀ ਜਮਾਤ ਅਤੇ ਸਿਆਸਤ ਤੋਂ ਮੁਤਾਸਿਰ ਹੈ। ਉਹ ਕਿਸੇ ਵੀ ਚੀਜ਼ ਨੂੰ ਮਾਮੂਲੀ ਨਹੀਂ ਸਮਝਦਾ ਤੇ ਹਰੇਕ ਗੱਲ ਦੀ ਪਰਖ ਕਰਨ ਲਈ ਸਦਾ ਤੱਤਪਰ ਹੈ। ਚੀਜ਼ਾਂ ਦੇ ਜਮਾਤੀ-ਤੱਤ ਤੋਂ ਇਨਕਾਰੀ ਹੋਕੇ ਹੀ ਉਨ੍ਹਾਂ ਨੂੰ ਮਾਮੂਲੀ ਬਣਾਇਆ ਜਾ ਸਕਦਾ ਹੈ। ਇਕ ਦਫਾ ਫੇਰ ਉਸਦੀ ਇਹ ਤਾਕਤ ਹੈ ਕਿ ਕਿਸੇ ਵੀ ਚੀਜ਼ ਦੇ ਜਮਾਤੀ-ਤੱਤ ਨੂੰ ਨਕਾਰਦਾ ਨਹੀਂ। ਤਰੱਕੀਪਸੰਦ ਲੋਕ ਕਈ ਦਫਾ ਜਬਰ ਦੀ ਗੱਲ ਖਿਆਲਾਂ ਵਿਚ ਤਾਂ ਬਥੇਰੀ ਕਰਦੇ ਹਨ ਪਰ ਉਨ੍ਹਾਂ ਨੂੰ ਇਹ ਆਪਣੇ ਤਜਰਬੇ ਵਿਚੋਂ ਨਹੀਂ ਲੱਭਦਾ ਜਾਪਦਾ। ਹਰਦਿਆਲ ਜਬਰ ਦੀ ਨਬਜ਼ ਤੇ ਹੱਥ ਰੱਖਦਾ ਹੈ ਅਤੇ ਦਸਦਾ ਹੈ ਕਿ ਇਹ ਕਿਥੇ ਮੌਜੂਦ ਹੈ। ਉਹ ਵਿਖਾਲਦਾ ਹੈ ਕਿ ਜਮਾਤੀ ਸਵਾਲ ਕਿਵੇਂ ਰੋਜ਼ਾਨਾ ਦੀ ਜ਼ਿੰਦਗੀ ਨੂੰ ਪ੍ਰਭਾਵਤ ਕਰਦੇ ਹਨ। ਮਿਸਾਲ ਦੇ ਤੌਰ ਤੇ, ਇਕ ਲੇਖ ਵਿਚ, ਉਹ ਇਕ ਵਿਅਕਤੀ ਨੂੰ ਮਿਲਦਾ ਹੈ ਜਿਸਨੂੰ ਜ਼ਿੰਦਗੀ ਵਿਚ ਤਣਾਅ ਮਹਿਸੂਸ ਹੁੰਦਾ ਹੈ। ਹਰਦਿਆਲ ਉਸਨੂੰ ਕਹਿੰਦਾ ਹੈ ਕਿ ਉਸਦੀ ਜ਼ਿੰਦਗੀ ਦੇ ਤਣਾਅ ਲਈ ਜ਼ੁਮੇਵਾਰ ਕੋਈ ਵਿਅਕਤੀ ਨਹੀਂ ਬਲਕਿ ਸਮਾਜ ਹੈ ਤੇ ਉਹ ਸਾਬਤ ਕਰਦਾ ਹੈ ਕਿ ਬੁਰਜੂਆ ਸਮਾਜ ਵਿਚ ਤਣਾਅ ਦੀ ਬਿਮਾਰੀ ਤੋਂ ਕੋਈ ਵਿਰਲਾ ਹੀ ਬਚਦਾ ਹੈ ਪਰ ਲੋਕਾਂ ਨੂੰ ਲਗਾਤਾਰ ਨਸੀਹਤਾਂ ਦਿਤੀਆਂ ਜਾਂਦੀਆਂ ਹਨ ਕਿ

ਉਨ੍ਹਾਂ ਨਾਲ ਜੋ ਵੀ ਹੁੰਦਾ ਹੈ ਉਸਨੂੰ ਆਪਣੀ ਇਕ ਜ਼ਾਤੀ ਸਮੱਸਿਆ ਸਮਝਣ ਤੇ ਇਕ ਸਮਾਜੀ ਜਾਂ ਸਿਆਸੀ ਸਮੱਸਿਆ ਦੇ ਤੌਰ ਤੇ ਨਾ ਲੈਣ।

ਅਮਲ ਅਤੇ ਵਿਸ਼ਲੇਸ਼ਣ ਦੇ ਇਕ ਦੂਜੇ ਉਤੇ ਨਿਰਭਰ ਹੋਣ ਉਤੇ ਹਰਦਿਆਲ ਬਹੁਤ ਜ਼ੋਰ ਦਿੰਦਾ ਹੈ। ਇਨ੍ਹਾਂ ਦੋਵਾਂ ਨੂੰ ਇਕ ਦੂਸਰੇ ਤੋਂ ਅਲੱਗ ਕਰਨ ਦੀ ਰਵਾਇਤੀ ਫ਼ਲਸਫ਼ੇ ਵਾਲਿਆਂ ਨੂੰ ਬਿਮਾਰੀ ਹੈ ਜੋ ਲੋਕਾਂ ਨੂੰ ਭੰਬਲਭੂਸੇ ਵਿਚ ਪਾ ਕੇ ਉਨ੍ਹਾਂ ਦੇ ਅਮਲ ਤੇ ਸੋਚਣੀ ਦਾ ਇਕੱਠੇ ਹੋਣਾਂ ਨਾਮੁਮਕਿਨ ਬਣਾ ਦਿੰਦੇ ਹਨ। ਤੇ ਫੇਰ, ਕੁਝ ਵਿਅਕਤੀ ਸੋਚਣ ਤੇ ਬਾਕੀ ਕੰਮ ਕਰਨ। ਕੁਝ ਵਿਅਕਤੀ ਲੁਟਣ ਤੇ ਬਾਕੀ ਲੁੱਟ ਹੋਈ ਜਾਣ। ਸਮਾਜ ਅੰਦਰ ਇਹ ਬਟਵਾਰਾ ਦੌਲਤ ਦੀ ਨਾਬਰਾਬਰ ਵੰਡ ਦੀ ਝਲਕ ਹੈ। ਹਰਦਿਆਲ ਲਗਾਤਾਰ ਕਨੇਡੀਅਨ ਸਮਾਜ ਅੰਦਰ ਸਿਆਸੀ ਅਤੇ ਬੁਧੀਜੀਵੀ ਲਹਿਰਾਂ ਦੀ ਪਰਖ ਕਰਦਾ ਹੈ ਤੇ ਡੱਟਕੇ ਕਹਿੰਦਾ ਹੈ ਕਿ ਸਮਾਜ ਨੂੰ ਨਜ਼ਰ ਅੰਦਾਜ਼ ਕਰਕੇ ਕਿਸੇ ਵੀ ਵਿਅਕਤੀ ਦੇ ਅਮਲ ਨੂੰ ਸਮਝਿਆ ਨਹੀਂ ਜਾ ਸਕਦਾ। ਸਮਾਜ ਤੇ ਵਿਅਕਤੀ ਦਾ ਅਟੁੱਟ ਸਬੰਧ ਹੈ ਲੇਕਿਨ ਸਾਰਾ ਜ਼ੋਰ ਏਸ ਗੱਲ ਤੇ ਲੱਗਿਆ ਹੋਇਆ ਹੈ ਕਿ ਵਿਅਕਤੀ ਸਿਆਸਤ ਤੋਂ ਅਲੱਗ ਹੀ ਰਵ੍ਹੇ। ਇਸ ਕਰਕੇ, ਹਰਦਿਆਲ ਸਵਾਲ ਉਠਾਉਂਦਾ ਹੈ, "ਸੱਜੇ-ਪੱਖੀ ਇਹ ਰੌਲਾ ਕਿਉਂ ਪਾਉਂਦੇ ਹਨ ਕਿ ਲੋਕ ਸਿਰਫ਼ ਆਪਣੇ ਪਰਿਵਾਰ ਦੀ ਹੀ ਗੱਲ ਕਰਨ, `ਪਰਿਵਾਰਕ ਕਦਰਾਂ-ਕੀਮਤਾਂ` ਨੂੰ ਉਚਾ ਚੁਕਣ, ਅਤੇ ਸਮਾਜ ਤੇ ਸਮਾਜੀ ਜ਼ੁਮੇਵਾਰੀ ਦਾ ਕੋਈ ਜ਼ਿਕਰ ਨਾ ਕਰਨ?" ਸਮਾਜ ਤੋਂ ਬਗੈਰ ਪਰਿਵਾਰਕਾਂ ਕਦਰਾਂ ਕੀਮਤਾਂ ਦੀ ਕੀ ਅਹਿਮੀਅਤ ਹੋ ਸਕਦੀ ਹੈ? ਇਕ ਵਿਅਕਤੀ ਸਮਾਜਕ ਜ਼ੁੰਮੇਵਾਰੀ ਤੋਂ ਹੱਥ ਕਿਸ ਤਰ੍ਹਾਂ ਧੋ ਸਕਦਾ ਹੈ? ਇਥੇ ਸਾਫ਼ ਸੰਦੇਸ਼ ਇਹ ਹੈ ਕਿ ਮੌਜੂਦਾ ਸਥਿਤੀ ਬਰਕਰਾਰ ਤੱਦ ਹੀ ਰਹਿ ਸਕਦੀ ਹੈ ਜੇ ਵਿਅਕਤੀ ਤਬਦੀਲੀ ਦੀ ਲੋੜ ਨਾ ਸਮਝੇ ਤੇ ਇਸ ਵਿਚ ਹਿਸਾ ਨਾ ਲਵੇ। ਸਮਾਜ ਅੰਦਰ ਵਿਅਕਤੀ ਦੀ ਅਗਿਅਨਤਾ ਅਤੇ ਅਲੱਗ-ਥਲੱਗ ਰਹਿਣ ਦਾ ਇਹੋ ਮੁਖ ਨਤੀਜਾ ਨਿਕਲਦਾ ਹੈ। ਬੁਰਜੂਆ ਸਮਾਜ ਵਿਅਕਤੀ ਨੂੰ ਇਕ ਖੂੰਜੇ ਵਿਚ ਲੱਗਕੇ ਬੈਠੇ ਰਹਿਣ ਲਈ ਤੋਰਦਾ ਤੇ ਪ੍ਰੇਰਦਾ ਹੈ ਤੇ ਨਤੀਜਾ ਇਹ ਨਿਕਲਦਾ ਹੈ ਕਿ ਹਰ ਕੋਈ ਆਪਣੇ ਘੁਰਨੇ ਵਿਚ ਬਹਿਕੇ ਆਪਣੀਆਂ ਜ਼ਰੂਰਤਾਂ ਬਾਰੇ ਹੀ ਸੋਚਦਾ ਰਹਿੰਦਾ ਹੈ ਤੇ ਹੋਰ ਕੁਝ
ਨਹੀਂ ਵੇਖ ਸਕਦਾ। ਹਰਦਿਆਲ ਇਸ ਤਰ੍ਹਾਂ ਦੇ ਵਿਅਕਤੀਆਂ ਨਾਲ ਗੱਲ ਕਰਨੀ ਲੋੜਦਾ ਸੀ।

ਹਰਦਿਆਲ ਇਹ ਗੱਲ ਸਮਝਣ ਲਈ ਜ਼ੋਰ ਦਿੰਦਾ ਸੀ ਕਿ ਬੁਰਜੁਆਜ਼ੀ ਨੇ ਇਕ "ਝੂਠੀ-ਮੂਠੀ ਦਾ ਸੰਸਾਰ" ਪੈਦਾ ਕਰ ਰੱਖਿਆ ਹੈ, "ਇਹ ਸੰਸਾਰ ਗਲਤ-ਜਾਣਕਾਰੀ ਦੇ ਸਿਰ ਤੇ ਬਣਾਇਆਂ ਤੇ ਕਇਮ ਰੱਖਿਆ ਹੈ ਤੇ ਸੁਆਰਥੀ ਹਿਤਾਂ ਦੀ ਰਾਖੀ ਲਈ ਹੈ।" ਉਸਦਾ ਮਸ਼ਵਰਾ ਹੈ ਕਿ "`ਅਮਨ-ਸਥਾਪਤ` ਕਰਨ ਦਾ ਸੰਸਾਰ ਇੱਕ ਸਭ ਤੋਂ ਖ਼ਤਰਨਾਕ ਝੂਠ-ਮੂਠ ਹੈ।" ਅਮਨ ਕਿਵੇਂ ਬਰਕਰਾਰ ਰਹਿ ਸਕਦਾ ਹੈ ਤੇ ਜੰਗ ਤੋਂ ਕਿਦਾਂ ਬਚਾਅ ਹੋ ਸਕਦਾ ਹੈ? ਇਸਦਾ ਉਤਰ ਹਰਦਿਆਲ ਇਸ ਤਰ੍ਹਾਂ ਦਿੰਦਾ ਹੈ, "ਅਮਨ ਲਈ ਪਹਿਲੀ ਸ਼ਰਤ ਇਹ ਹੈ ਕਿ ਲੋਕਾਂ ਨੂੰ ਆਪਣਾਂ ਇਹ ਹੱਕ ਜਿਤਣਾਂ ਪਵੇਗਾ ਕਿ ਉਹ ਇਕ ਇਨਸਾਨੀ ਸਮਾਜ ਸਿਰਜਣਗੇ।" ਸਾਰਿਆਂ ਨੂੰ ਇਹ ਭੁਲੇਖਾ ਕੱਢ ਦੇਣਾਂ ਚਾਹੀਦਾ ਹੈ ਕਿ "ਅਮਨ ਬਰਕਰਾਰ ਰੱਖਿਆ" ਤੇ "ਅਮਨ-ਬਣਾਇਆ" ਜਾ ਸਕਦਾ ਹੈ। ਹਰਦਿਆਲ ਆਪਣੇ ਥੀਸਸ ਦੇ ਅਖੀਰ ਵਿਚ ਸਾਰਿਆਂ ਨੂੰ ਅਪੀਲ ਕਰਦਾ ਹੈਃ "ਇਸ ਝੂਠ-ਮੂਠ ਦੇ ਸੰਸਾਰ ਦੇ ਤਬਾਹਕੁੰਨ ਨਤੀਜੇ ਤੋਂ ਬਚਣ ਦਾ ਕੰਮ ਅਸਲੀ ਸੰਸਾਰ ਦਾ ਕੰਮ ਹੈ, ਇਕ ਇਨਸਾਨੀ ਸਮਾਜ ਸਿਰਜਣ ਲਈ ਜਦੋਜਹਿਦ ਕਰ ਰਹੀ ਮਾਨਸ-ਜ਼ਾਤ ਦੇ ਸੰਸਾਰ ਦੇ ਜ਼ੁੰਮੇ ਲੱਗਾ ਕੰਮ।" ਪੰਜ ਸੌਂ ਲਫ਼ਜ਼ਾਂ ਦੇ ਇਸ ਲੇਖ ਦੇ ਅੰਦਰ-ਅੰਦਰ ਹਰਦਿਆਲ ਨੇ ਅਮਨ ਤੇ ਜੰਗ ਦੀ ਪੂਰੀ ਗੰਭੀਰਤਾ ਸਾਹਮਣੇ ਰੱਖ ਦਿਤੀ ਹੈ ਅਤੇ ਉਨ੍ਹਾਂ ਸਾਰਿਆਂ ਦੀ ਤਹਿ ਲਾ ਕੇ ਰੱਖ ਦਿਤੀ ਹੈ ਜੋ "ਲੋਟੂ ਵਤੀਰੇ ਨੂੰ ਜਾਇਜ਼ ਠਹਿਰਾਉਣ ਲਈ" ਜੰਗਲ ਦੇ ਕਾਨੂੰਨ ਦੀਆਂ ਮਿਸਾਲਾਂ ਦੇਣਾਂ ਆਪਣਾਂ ਫ਼ਰਜ਼ ਸਮਝਦੇ ਹਨ।

ਹਰੇਕ ਲੇਖ ਵਿਚ ਹਰਦਿਆਲ ਦਾ ਲਹਿਜ਼ਾ ਬਦਲਦਾ ਰਹਿੰਦਾ ਹੈ ਜਿਵੇਂ ਸ਼ਾਇਦ ਉਸਦਾ ਮੂਡ ਵੀ ਹਰ ਰੋਜ਼ ਬਦਲਦਾ ਰਹਿੰਦਾ ਹੋਵੇ। ਕਈ ਵਾਰੀ ਉਹ ਸੋਚੀਂ ਡੁਬਾ ਹੋਇਆ ਲਗਦਾ ਹੈ ਤੇ ਕਈ ਵਾਰੀ ਸਵਾਲ ਕਰਦਾ ਹੋਇਆ। ਕਈ ਵਾਰੀ ਉਹ ਤਨਜ਼ੀਆ ਹੁੰਦਾ ਹੈ ਤੇ ਕਈ ਵਾਰੀ ਨਰਮਾਈ ਭਰਿਆ। ਉਹ ਆਪਣੀ ਮਸ਼ਹੂਰ ਜ਼ਿੰਦਾਦਿਲੀ, ਸਿਰਲੱਥ ਉਤਸ਼ਾਹ ਤੇ ਨਿਰੰਤਰ ਪੁਰ-ਉਮੀਦੀ ਦਾ ਇਜ਼ਹਾਰ ਕਰਦਾ ਹੋਇਆ ਐਲਾਨਦਾ ਹੈ, "ਜ਼ਿੰਦਗੀ ਦੀ ਸੱਭ ਤੋਂ ਖ਼ੂਬਸੂਰਤ ਚੀਜ਼ ਇਹ ਹੈ ਕਿ ਤਰਕ ਜ਼ਿੰਦਾ ਹੈ। ਇਕ ਚੰਗੀ ਚੀਜ਼ ਬੁਰੀ ਵਿਚ ਬਦਲੀ ਜਾ ਸਕਦੀ ਹੈ ਤੇ ਬੁਰੀ ਚੀਜ਼ ਚੰਗੀ ਵਿਚ ਤਬਦੀਲ ਕੀਤੀ ਜਾ ਸਕਦੀ ਹੈ।" ਹਰਦਿਆਲ ਧਿਆਨ ਦਵਾਉਂਦਾ ਹੈ, "ਸਮਾਜ ਸਾਰੇ ਪਾਸਿਆਂ ਤੋਂ ਟੁੱਟ-ਭੱਜ ਰਿਹਾ ਹੈ ਪਰ ਨਤੀਜੇ ਲੋਕਾਂ ਨੂੰ ਭੁਗਤਣੇ ਪੈ ਰਹੇ ਹਨ।" ਹਰਦਿਆਲ ਨੂੰ ਅਫ਼ਸੋਸ ਹੈ ਕਿ "ਕਈ ਲੋਕ ਸਿਰਫ਼ ਪੁਰਾਣੇ ਦੀ ਇਸ ਟੁੱਟ-ਭੱਜ ਨੂੰ ਹੀ ਵੇਖਦੇ ਹਨ ਤੇ ਇਹ ਨਹੀਂ ਵੇਖਦੇ ਕਿ ਇਸ ਵਿਚ ਨਵਾਂ ਉਸਾਰਨ ਲਈ ਵੀ ਹਾਲਾਤ ਹਨ।" "ਨਵਾਂ-ਸਮਾਜ ਲਾਜ਼ਮੀ ਪੈਦਾ ਹੋਣਾਂ ਚਾਹੀਦਾ ਹੈ" ਹਰਦਿਆਲ ਜ਼ੋਰ ਦਿੰਦਾ ਹੈ। "ਸਾਨੂੰ ਇਹ ਨੁਕਤਾ ਕਦੇ ਵੀ ਨਹੀਂ ਛੱਡਣਾਂ ਚਾਹੀਦਾ।" ਹਰਦਿਆਲ ਜਦ ਮਹਾਂ-ਸ਼ਕਤੀ ਦੇ ਜੁਰਮਾਂ ਦੇ ਪਰਦੇ ਖੋਹਲਦਾ ਹੈ ਤਾਂ ਤਨਜ਼ ਨਾਲ ਪੁਛਦਾ ਹੈ, "ਯੂ.ਐਸ.ਏ. ਅਮਨ ਦੇ ਹੱਕ ਵਿਚ ਹੈ ਕਦੋਂ ਨਹੀਂ ਸੀ?" ਉਹ ਮਖ਼ੌਲ ਉਡਾਉਂਦਾ ਹੋਇਆ ਕਹਿੰਦਾ ਹੈ ਕਿ ਅਮਰੀਕਾ ਦੁਨੀਆਂ ਤੋਂ ਉਸੇ ਤਰ੍ਹਾਂ ਦੇ ਅਮਨ ਦੀ ਮੰਗ ਕਰਦਾ ਹੈ ਜਿਸ ਤਰ੍ਹਾਂ ਦੇ ਅਮਨ ਦੀ ਆਸ ਇਕ ਸ਼ੇਰ ਆਪਣੇ ਸ਼ਿਕਾਰ ਤੋਂ ਕਰਦਾ ਹੋਇਆ ਮੰਗ ਕਰਦਾ ਹੈ ਕਿ ਉਸਦਾ ਸ਼ਿਕਾਰ ਕੋਈ ਅੜੀ ਫੜੀ ਕੀਤੇ ਬਗੈਰ ਸ਼ਾਂਤੀ ਨਾਲ ਉਸਦੇ ਜਬਾੜਿਆਂ ਹੇਠ ਆ ਜਾਵੇ।

ਤੇ ਕਿਸੇ ਹੋਰ ਥਾਂ ਹਰਦਿਆਲ ਅੰਦਰਲਾ ਸਾਇੰਸਦਾਨ ਅੱਗੇ ਆ ਜਾਂਦਾ ਹੈ ਤੇ ਉਹੋ ਸਵਾਲ ਪੁਛਦਾ ਹੈ ਜੋ ਬਹੁਤ ਸਾਰੇ ਹੋਰ ਲੋਕ ਵੀ ਪੁਛਿਆ ਕਰਦੇ ਹਨ, "ਬ੍ਰਹਿਮੰਡ ਵਿਚ ਕਿਸੇ ਹੋਰ ਥਾਂ ਵੀ ਜੀਵਨ ਮੌਜੂਦ ਹੈ?" ਉਹ ਆਪਣੇ ਹੀ ਸਵਾਲ ਦਾ ਉਤਰ ਹਾਂ ਵਿਚ ਦਿੰਦਾ ਹੈ ਤੇ ਟਣਕਵਾਂ ਹੋਕਾ ਦਿੰਦਾ ਹੈਃ "ਬ੍ਰਹਿਮੰਡ ਨੂੰ ਇਨਸਾਨੀ ਬਣਾਓ" ਉਹ ਦੱਸਦਾ ਹੈ ਕਿ ਉਸਦਾ ਇਹ ਖਿਆਲ ਕਿਉਂ ਹੈ ਕਿ ਧਰਤੀ ਤੋਂ ਇਲਾਵਾ " ਹੋਰ ਕਿਤੇ ਵੀ ਜੀਵਨ ਮੌਜੂਦ ਹੈ"।
ਜ਼ਰਾ ਕੁ ਇਨ੍ਹਾਂ ਤੱਥਾਂ ਵੱਲ ਗੌਰ ਕਰੋਃ-
੧)ਸਾਇੰਸ ਨੇ ਐਟਮ ਤੋਂ ਵੀ ਛੋਟੇ ਅਣੂ ਲੱਭ ਲਏ ਹਨ ਜੋ ਏਨੇ ਛੋਟੇ ਹਨ ਕਿ ਛੋਟੇ ਤੋਂ ਛੋਟੇ ਅਣੂ ਦਾ ਇਕੋ ਵੇਲੇ ਪਦਾਰਥਕ ਰੂਪ ਵੀ ਹੋ ਸਕਦਾ ਹੈ ਅਤੇ ਅਤੇ ਗੈਰ-ਪਦਾਰਥਕ ਵੀ। ੨)ਛੋਟੇ ਤੋਂ ਛੋਟੇ ਅਣੂ ਤੇ ਅੱਗੇ ਚੱਲਕੇ ਐਸੇ ਤੱਤ ਵੀ ਹਨ ਜੋ ਜੇ ਹਾਲਤਾਂ ਸਾਜ਼ਗਾਰ ਹੋਣ ਤਾਂ ਗੈਸਾਂ ਦੀ ਸ਼ਕਲ ਵਿਚ, ਤਰਲਾਂ ਦੀ ਸ਼ਕਲ ਵਿਚ ਅਤੇ ਠੋਸ ਰੂਪਾਂ ਵਿਚ ਰਹਿ ਸਕਦੇ ਹਨ। ੩) ਇਨ੍ਹਾਂ ਤੱਤਾਂ ਨੇ

ਆਪਣੇ ਆਪ ਹੀ ਕੁਦਰਤ ਦੇ ਅੰਦਰ ਵੀ ਮਿਸ਼ਰਣਾਂ ਨੂੰ ਪੈਦਾ ਕੀਤਾ ਹੈ। ੪) ਨਿਰਜੀਵ ਤੋਂ ਸਜੀਵ ਤੇ ਅੱਗੇ ਜੀਵਨ ਤੱਕ ਦਾ ਸਾਰਾ ਵਿਕਾਸ ਤੇ ਤਬਦੀਲੀ ਬਿਲਕੁਲ ਸਾਡੇ ਸਾਹਮਣੇ ਪਈ ਹੋਈ ਹੈ ਤੇ ਅੱਗੇ ਹੋਰ ਖੋਜ ਕੀਤੇ ਜਾਣ ਲਈ ਤਰਲੇ ਪਾ ਰਹੀ ਹੈ।"

ਇਕ ਨਵਾਂ ਸੰਸਾਰ ਉਸ ਵੇਲੇ ਹਕੀਕਤ ਬਣੇਗਾ ਜਿਸ ਵੇਲੇ "ਸਾਰੇ ਹੀਣੇ ਦਿਮਾਗ਼, ਸਾਰੇ ਲੁਟੇਰੇ, ਖਤਮ ਕਰ ਦਿਤੇ ਗਏ ਤੇ ਹਮੇਸ਼ਾਂ ਹਮੇਸ਼ਾਂ ਲਈ ਇਨ੍ਹਾਂ ਦਾ ਕਜੀਆ ਮੁਕਾ ਦਿਤਾ ਗਿਆ"। ਇਹ ਪੁਰਉਮੀਦੀ ਹਰਦਿਆਲ ਨੂੰ ਲਾਗਾਤਾਰ ਉਸਦੀ ਸਾਰੀ ਜ਼ਿੰਦਗੀ ਭਰ ਦੇ ਸਮੇਂ ਦੌਰਾਨ ਉਤਸ਼ਾਹ ਦਿੰਦੀ ਰਹੀ। ਇਸ ਲੱਭਤ ਨੇ ਹਰਦਿਆਲ ਨੂੰ "ਇਨਸਾਨੀ ਸਮਾਜ ਦੇ ਭਵਿਖ ਲਈ ਸਗੋਂ ਹੋਰ ਵੀ ਪੁਰਉਮੀਦ" ਕਰ ਦਿਤਾ ਅਤੇ ਉਹ ਭਵਿਖ ਦੀਆਂ ਸੰਭਾਵਨਾਵਾਂ ਨੂੰ ਬੁਲੰਦ ਕਰਦਾ ਹੋਇਆ ਕਹਿ ਉਠਦਾ ਹੈਃ

> ਇਹ ਸੰਸਾਰ ਸਿਰਫ਼ ਇਨਸਾਨੀਅਤ ਦਾ, ਚੇਤਨਾ ਦਾ, ਅਤੇ ਸਮੇਂ ਤੇ ਸਥਾਨ ਦੀ ਲਾਈ ਹੋਈ ਕਿਸੇ ਵੀ ਹੱਦ ਤੋਂ ਅਗਾਂਹ ਵੇਖ ਸਕਣ ਦੀ ਕਾਬਲੀਅਤ ਦਾ ਸੰਸਾਰ ਹੋਵੇਗਾ। ਇਹ ਮਾਨਸ-ਜ਼ਾਤ ਦੀ ਸਿਰਜਣ ਸ਼ਕਤੀ ਅਤੇ ਕੁਦਰਤ ਅਤੇ ਬ੍ਰਹਿਮੰਡ ਨੂੰ ਇਨਸਾਨੀਅਤ ਦੇ ਵੱਸ ਵਿਚ ਕਰਨ ਤੇ ਇਸਦੇ ਅੰਦਰਲੇ ਭੇਦ ਲੱਭਣ ਉਤੇ ਮਾਣ ਕਰਨ ਵਾਲੀ ਗੱਲ ਹੋਵੇਗੀ।

ਬ੍ਰਹਿਮੰਡ ਦੇ ਭੇਦ ਲੱਭਣ ਵਿਚ ਇਨਸਾਨੀਅਤ ਦੀ ਇਨਕਲਾਬੀ ਤਰੱਕੀ ਦੀ ਸੰਭਾਵਨਾ ਤੋ ਉਤਸ਼ਾਹਤ ਹੋ ਕੇ ਉਹ ਬਿਲਕੁਲ ਸਾਦਾ ਲਫ਼ਜ਼ਾਂ ਵਿਚ ਇਕ ਬਹੁਤ ਹੀ ਪਤੇ ਦੀ ਗੱਲ ਕਹਿੰਦਾ ਹੈਃ "ਮੈਨੂੰ ਤਾਂ ਇਹ ਪੂਰਾ ਯਕੀਨ ਹੈ ਕਿ ਜ਼ਿੰਦਗੀ ਆਪਣੀ ਤਾਕਤ ਦੀ ਈਨ ਮਨਾਏਗੀ ਤੇ ਸਾਰੀ ਤੁਛਤਾ ਤੇ ਭਾਵੁਕਤਾ ਦਾ ਖ਼ਾਤਮਾ ਕਰੇਗੀ ਜੋ ਇਨਸਾਨਾਂ ਨੂੰ ਬ੍ਰਹਿਮੰਡ ਦਾ ਇਨਸਾਨੀਕਰਨ ਕਰਨ ਤੋਂ ਰੋਕਦੀ ਹੈ।" ਇਸ ਵਾਕ ਨੂੰ ਪਹਿਲੀ ਵਾਰ ਪੜ੍ਹਕੇ ਦਿਲ ਕਰਦਾ ਹੈ ਕਿ ਇਸ ਨੂੰ ਜ਼ਿਹਨ ਦੀ ਕਿਤਾਬ ਵਿਚ ਲਿਖ ਲਈਏ। ਅਤੇ ਇਨਸਾਨੀਅਤ ਦੀ ਅਮੁੱਕ ਤਰੱਕੀ ਦੇ ਹਰਦਿਆਲ ਦੇ ਵਿਸਮਾਦੀ ਨਜ਼ਰੀਏ ਵਿਚ ਪਾਠਕ ਛਿਣ ਦੀ ਛਿਣ ਆਪ ਵੀ ਖੀਵੇ ਹੋ ਗਏ ਹੋਏ ਮਹਿਸੂਸ ਕਰਦਾ ਹੈ।

ਇਨਸਾਨੀਅਤ ਦੀ ਆਖ਼ਰੀ ਫ਼ਤਿਹ ਵਿਚ ਹਰਦਿਆਲ ਨੂੰ ਬੇਸ਼ੱਕ ਪੂਰਾ ਪੂਰਾ ਯਕੀਨ ਹੈ ਪਰ ਉਹ ਇਨਸਾਨੀ ਤਰੱਕੀ ਦੇ ਰਾਹ ਨੂੰ ਰੋਕਣ ਵਾਲੀਆਂ ਤਾਕਤਾਂ ਨੂੰ ਵੀ ਮਾਮੂਲੀ ਨਹੀਂ ਸਮਝਦਾ। ਸੰਸਾਰ ਵਿਚ ਐਸ ਵੇਲੇ ਇਨਕਲਾਬ ਨੂੰ ਲੱਗੇ ਧੱਕੇ ਨਾਲ ਆਈ ਤਬਦੀਲੀ ਦਾ ਜ਼ਿਕਰ ਉਹ ਬਹੁਤ ਹੀ ਗੰਭੀਰਤਾ ਨਾਲ ਕਰਦਾ ਹੈ। ਉਹ ਇਨਕਲਾਬ ਨੂੰ ਲੱਗੇ ਧੱਕੇ ਨੂੰ ਇਕ ਸੋਚ ਦੀ ਸ਼ਕਲ ਦਿੰਦਾ ਹੋਇਆ ਇਹ ਸਮਝਣ ਤੇ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਜਦ ਇਨਕਲਾਬ ਨੂੰ ਧੱਕਾ ਲੱਗਦਾ ਹੈ ਤਾਂ ਇਸ ਦੇ ਨਤੀਜੇ ਕੀ ਨਿਕਲਦੇ ਹਨ ਤੇ ਜਦੋਂ ਇਨਕਲਾਬ ਨੂੰ ਧੱਕਾ ਲੱਗਦਾ ਹੈ ਤਾਂ ਸਮਾਜ ਤੇ ਇਸਦਾ ਕੀ ਅਸਰ ਹੁੰਦਾ ਹੈ। ਉਹ ਪਾਠਕਾਂ ਨੂੰ ਇਹ ਮਹਿਸੂਸ ਕਰਾਉਂਦਾ ਹੈ ਇਨਕਲਾਬ ਨੂੰ ਲੱਗਾ ਧੱਕਾ ਕਿਤੇ ਹੋਰ ਥਾਂ ਦੀ ਗੱਲ ਨਹੀਂ ਇਸਦਾ ਨੁਕਸਾਨ ਸਾਰੇ ਅਗਾਂਹਵਧੂ ਲੋਕਾਂ ਨੂੰ ਹੋਇਆ ਹੈ। ਖੇਡਾਂ ਦੀ ਇਕ ਟੀਮ ਦੀ ਕਿਸੇ ਮੈਚ ਵਿਚ ਹਾਰ ਹੋਣ
ਨਾਲ ਪੈਦਾ ਹੋਣ ਵਾਲੇ ਅਹਿਸਾਸ ਦੇ ਤਸੱਵਰ ਨੂੰ ਵਰਤਦਾ ਹੋਇਆ ਹਰਦਿਆਲ ਇਨਕਲਾਬ ਨੂੰ ਪਈ ਸੱਟ ਦੇ ਵਿਸ਼ਾਲ ਅਸਰ ਨੂੰ ਪਾਠਕਾਂ ਨਾਲ ਸਾਂਝਿਆਂ ਕਰਦਾ ਹੈ।

ਸਮਾਜ ਵਿਚ ਕੋਈ ਕਿਥੇ ਖੜਾ ਹੈ ਇਸਦੀ ਹਰਦਿਆਲ ਇਕ ਬੜੀ ਟੁੰਬਵੀਂ ਤਸ਼ਬੀਹ ਦਿੰਦਾ ਹੈ। ਉਹ ਸਮਾਜ ਨੂੰ ਇਕ ਵੱਡੇ ਦਿਓਕੱਦ ਇੰਜਣ ਨਾਲ ਤੁਲਣਾਂ ਦਿੰਦਾ ਹੋਇਆ ਕਹਿੰਦਾ ਹੈ ਕਿ ਇਸਦੀਆਂ ਸਾਰੀਆਂ ਪਿਛਲੀਆਂ ਸੀਟਾਂ ਪੁਰਾਣੇ ਸਮਾਜਾਂ ਦੀ ਰਹਿੰਦ-ਖੂੰਹਦ ਅਤੇ ਵਰਤਮਾਨ ਦੀ ਹਰ ਗਲੀ ਸੜੀ ਸ਼ੈਅ ਨੇ ਮੱਲ ਲਈਆਂ ਹੋਈਆਂ ਹਨ। ਉਹ ਪੁਛਦਾ ਹੈ ਕਿ ਇਸ ਸਮਾਜੀ ਇੰਜਣ ਦੇ ਪਿਛਲੇ ਪਾਸੇ ਬਹਿਕੇ ਕਿਸੇ ਨੇ ਕੀ ਲੈਣਾਂ ਹੈ ਜਦਕਿ ਸਾਰੀ ਇਨਸਾਨੀ ਜ਼ਾਤ ਲਈ ਮੋਹਰਲੇ ਪਾਸੇ ਹੀ ਬਥੇਰੀ ਥਾਂ ਖਾਲੀ ਪਈ ਹੈ। ਜਿਸ ਤਰ੍ਹਾਂ ਉਹ ਬੜੇ ਕਾਵਮਈ ਢੰਗ ਨਾਲ ਕਹਿੰਦਾ ਹੈ, "ਮੋਹਰਲੇ ਪਾਸੇ ਵਾਲਿਆਂ ਕੋਲ ਵਰਤਮਾਨ ਅਤੇ ਭਵਿਖ ਦਾ ਬਥੇਰਾ ਖਾਲੀ ਥਾਂ ਪਿਆ ਹੈ।" ਬੰਦੇ ਨੂੰ ਇਨਸਾਨ ਕਿਹੜੀ ਚੀਜ਼ ਬਣਾਉਂਦੀ ਹੈ, ਇਸ ਬਾਰੇ ਆਪਣੀ ਸਮਝ ਦਾ ਜ਼ਿਕਰ ਉਹ ਕਈ ਦਫ਼ਾ ਕਰਦਾ ਹੈਃ" ਪਿਛਾਖੜੀ ਵਹਿਣ ਦੇ ਖ਼ਿਲਾਫ਼ ਖੜੇ ਹੋਣ ਨੂੰ ਅਤੇ ਇਸ ਨੂੰ ਮੋੜਕੇ ਅਗਾਂਹ ਵੱਲ ਤੋਰਨ ਦੀ ਕੋਸ਼ਿਸ਼ ਕਰਨ ਨੂੰ ਮੈਂ ਇਨਸਾਨ ਹੋਣਾਂ ਸਮਝਦਾ ਹਾਂ।" ਉਹ ਸਾਨੂੰ ਸਾਰਿਆਂ ਨੂੰ ਲਲਕਾਰਦਾ ਹੈਃ "ਸਾਨੂੰ ਇਨਸਾਨ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਕੋਈ ਸੌਖਾ ਕੰਮ ਨਹੀਂ, ਪਰ ਮਾਣਸਜ਼ਾਤ ਨੇ ਹੁਣ ਕਈ ਦੇਰ ਤੋਂ ਇਸਨੂੰ ਹੱਥ ਪਾ ਲਿਆ ਹੋਇਆ ਹੈ।"

ਸਿਆਸਤਦਾਨਾਂ ਦੀਆਂ ਚਲਾਕੀਆਂ ਉਤੇ ਹਮੇਸ਼ਾਂ ਘੋਖਵੀ ਨਜ਼ਰ ਰੱਖਣ ਵਾਲਾ ਹਰਦਿਆਲ ਸਮਝਾਉਂਦਾ ਹੈ ਕਿ ਲੋਕ-ਇਛਾ ਅਤੇ ਲੋਕ-ਹਿਤਾਂ ਵਿਚ ਕੀ ਅੰਤਰ ਹੈ। ਉਹ ਕਨੇਡਾ ਵਿਚ ਪ੍ਰੋਗ੍ਰੈਸਿਵ ਕੰਜ਼ਰਵਟਿਵਜ਼ ਅਤੇ ਲਿਬਰਲਾਂ ਦੀ ਚੋਣਾਂ ਵੇਲੇ ਦੀ ਫੋਕੀ ਨਾਅਰੇਬਾਜ਼ੀ ਦਾ ਪਾਜ ਖੋਹਲਦਾ ਹੈ। ਇਨਸਾਨ ਬਣਨ ਦੇ ਕੰਮ ਲਈ ਏਨਾ ਜ਼ੋਰ ਕਾਮਰੇਡ ਇਸ ਕਰਕੇ ਦਿੰਦਾ ਹੈ ਕਿਉਂਕਿ ਪੂੰਜੀਵਾਦੀ ਨਿਜ਼ਾਮ ਹਰੇਕ ਸ਼ਖ਼ਸ ਦੀ ਇਨਸਾਨੀਅਤ ਖ਼ਤਮ ਕਰਨ ਤੇ ਸਾਰਿਆਂ ਨੂੰ ਹੈਵਾਨੀਅਤ ਵੱਲ ਤੋਰਨ ਉਤੇ ਤੁਲਿਆ ਹੋਇਆ ਹੈ। ਖਪਤਕਾਰੀ ਸਮਾਜ ਉਤਪਨ ਹੋਣ ਦੀ ਤਸਵੀਰ ਖਿਚਦਾ ਹੋਇਆ, ਜਿਸਦੀ ਪੈਦਾਇਸ਼ ਉਹ ੧੯੬੦-੬੩ ਵਿਚ ਹੋਈ ਦਸਦਾ ਹੈ, ਉਹ ਕਹਿੰਦਾ ਹੈ ਕਿ, "ਖ਼ਪਤਕਾਰੀ ਸਮਾਜ ਦੀ ਪੈਦਾਇਸ਼, ਇਸ ਸੰਕਲਪ ਦੀ ਪੈਦਾਇਸ਼ ਕਿ ਖ਼ਪਤਕਾਰੀ ਬਜ਼ਾਤੇਖੁਦ ਇਕ ਮੰਤਵ ਹੈ, ਇਨਸਾਨੀਅਤ ਨੂੰ ਵੱਡੀ ਸੱਟ ਮਾਰਨ ਵਾਲੀ ਸ਼ੈਅ ਹੈ।" ਤੇ ਫੇਰ ਉਹ ਇਸ ਨੂੰ ਰੱਦ ਕਰਨ ਦਾ ਖਿਆਲ ਪੇਸ਼ ਕਰਦਾ ਹੈ। ਉਸਨੂੰ ਯਕੀਨ ਹੈ ਕਿ ਜੇ ਇਸ ਰੱਦ ਕਰਨ ਦੀ ਸੰਭਾਵਨਾ ਨੂੰ ਲੋਕ ਗ੍ਰਹਿਣ ਕਰ ਲੈਣ ਤਾਂ ਮਜ਼ਦੂਰ ਜਮਾਤ ਵਿਚ ਬਹੁਤ ਜ਼ਿਆਦਾ ਤਾਕਤ ਤੇ ਹਿੰਮਤ ਆਵੇਗੀਃ "ਇਹ ਸਮਾਜ, ਇਹ ਖਪਤਕਾਰੀ, ਇਹ ਅਮਰੀਕੀ ਸਭਿਆਚਾਰਕ ਧਾਵਾ, ਇਹ ਗਲਿਆ ਸੜਿਆ ਤਾਲੀਮੀ ਸਿਸਟਮ, ਇਹ ਪੂੰਜੀਵਾਦੀ ਸਮਾਜ ਲਾਜ਼ਮੀ ਤੌਰ ਤੇ ਰੱਦ ਕਰ ਦਿਤੇ ਜਾਣੇ ਚਾਹੀਦੇ ਹਨ।"

ਹਰਦਿਆਲ ਹੈਮਿਲਟਨ ਸ਼ੱਟ ਡਾਉਨ ਦੀ ਅਹਿਮੀਅਤ ਬਾਰੇ ਕਾਫ਼ੀ ਸਮਾਂ ਸੋਚ-ਵਿਚਾਰ ਕਰਨ ਬਾਅਦ ਇਸ ਤੋਂ ਹਲਾਸ਼ੇਰੀ ਲੈਂਦਿਆਂ ਹੋਇਆ ਕਹਿੰਦਾ ਹੈ, " ਇਹ (ਐਕਸ਼ਨ) ਉਸ ਚੀਜ਼ ਨੂੰ ਸਥਾਪਤ ਕਰਨ ਵੱਲ ਨੂੰ ਜਾਣਾ ਸੀ ਜਿਸਨੂੰ ਰੋਕਿਆ ਨਹੀਂ ਜਾ ਸਕਦਾ- ਇਨਸਾਨੀਅਤ ਵੱਲ ਮਾਰਚ ਜਿਸਦਾ ਤੁਅੱਲਕ ਸਾਡੇ ਸਾਰਿਆਂ ਨਾਲ ਹੈ- ਪੀੜੀ ਦਰ ਪੀੜੀ ਤੁਰੀ ਆਉਂਦੀ ਤੇ ਫ਼ਤਿਹ ਵਾਲੀ ਲਈ ਜਾਂਦੀ ਲਾਲ ਲਕੀਰ।" ਉਹ ਇਨਕਲਾਬੀ ਲਹਿਰ ਵਿਚ ਸ਼ਿਰਕਤ ਕਰਨ ਦੇ ਇਕ ਅੰਤਰਮੁਖੀ ਪੱਖ ਨੂੰ ਵੇਖਦਾ

ਹੋਇਆ ਨੋਟ ਕਰਦਾ ਹੈ ਕਿ ਕੁਝ ਲੋਕੀ ਆਪਣੇ ਆਪ ਤੇ ਅਫ਼ਸੋਸ ਕਰਦੇ ਹਨ ਪਈ " ਇਨਕਲਾਬੀ ਮਾਰਕਸਵਾਦੀ-ਲੈਨਿਨਵਾਦੀ ਕੰਮਾਂ ਦੀ ਹਮੈਤ ਕਰਨ ਵਿਚ ਉਹਨੀ ਐਂਵੇ ਹੀ ਵਕਤ ਜ਼ਾਇਆ ਕੀਤਾ।"
ਇਨਕਲਾਬ ਦੀ ਪਿਛਾੜ ਦਾ ਅਸਲ ਅਰਥ ਲਾਗੇ ਹੋਕੇ, ਜ਼ਾਤੀ ਤੌਰ ਇਹੋ ਹੀ ਤਾਂ ਹੈ- "ਦਗੇਬਾਜ਼ੀ, ਭਗੌੜੇ ਹੋ ਜਾਣਾਂ, ਘਟੀਆ ਗੱਲਾਂ ਕਰਨ ਲੱਗ ਪੈਣਾਂ, ਤੇ ਹੋਰ ਅਵਾ-ਤਵਾ ਬੋਲਣਾਂ।"

ਕਈ ਲੇਖਾਂ ਵਿਚ ਹਰਦਿਆਲ ਸੁੰਦਰਤਾ ਦਾ ਜ਼ਿਕਰ ਇਹ ਪੁਛਦੇ ਹੋਏ ਕਰਦਾ ਹੈ, "ਕੀ `ਸੁੰਦਰਤਾ ਸਿਰਫ਼ ਸੁੰਦਰਤਾ ਲਈ` ਨਾਮ ਦੀ ਵਾਕਿਆ ਹੀ ਕੋਈ ਚੀਜ਼ ਹੈ? ਉਹ ਦਸਦਾ ਹੈ ਕਿ ਹਰ ਚੀਜ਼ "ਵਕਤ ਅਤੇ ਸਥਾਨ" ਦੇ ਅਸਰ ਹੇਠ ਹੈ। "ਤੁਸੀਂ ਹਮੇਸ਼ਾਂ ਹੀ ਹਰ ਗੱਲ ਵਿਚ ਜਮਾਤ ਨੂੰ ਜ਼ਰੂਰ ਖਿਚ ਲਿਆਉਂਦੇ ਹੋ" ਉਸਨੂੰ ਕਈ ਵਾਰ ਇਹ ਗੱਲ ਕਹੀ ਜਾਂਦੀ ਸੀ। ਇਕ ਲੰਮੀ ਚੌੜੀ ਬਹਿਸ ਦੇ ਬਾਅਦ ਅਖੀਰ ਉਹ ਸੁੰਦਰਤਾ ਦੀ ਆਪਣੀ ਪ੍ਰਭਾਸ਼ਾ ਦਿੰਦਾ ਹੈ, "ਮਜ਼ਦੂਰ ਜਮਾਤ ਦੀ ਬੰਦ-ਖ਼ਲਾਸੀ ਵਿਚ ਜਿਹੜੀ ਵੀ ਚੀਜ਼ ਹਿਸਾ ਪਾਉਂਦੀ ਹੈ ਉਹ ਸੁੰਦਰ ਹੈ।" ਇਸ ਬਾਖ਼ੂਬ ਅਤੇ ਕਾਬਲ ਮੁਹਾਵਰੇ ਰਾਹੀਂ ਉਹ ਹਰ ਤਰ੍ਹਾਂ ਦੇ ਸੁਹੱਪਣ ਦੇ ਜਮਾਤੀ ਖਾਸੇ ਨੂੰ ਉਘਾੜਕੇ ਰੱਖ ਦਿੰਦਾ ਹੈ।

ਇਕ ਹੋਰ ਮਸਲਾ ਜਿਸ ਉਤੇ ਹਰਦਿਆਲ ਨੇ ਬਹੁਤੀ ਵਾਰੀ ਜ਼ੋਰ ਦਿਤਾ ਉਹ ਸੀ ਮਨੁਖੀ ਅਧਿਕਾਰਾਂ ਅਤੇ ਆਜ਼ਾਦੀ ਦੇ ਸੁਆਲਾਂ ਦਾ ਜਮਾਤੀ ਖ਼ਾਸਾ। ਉਹ ਆਪਣੀ ਪੁਜੀਸ਼ਨ ਬਿਲਕੁਲ ਸਪੱਸ਼ਟ ਕਰ ਦਿੰਦਾ ਹੈ ਜਦ ਤੇਜ਼-ਤਰਾਰ ਤਨਜ਼ੀਆ ਅੰਦਾਜ਼ ਵਿਚ ਕਹਿੰਦਾ ਹੈ, " ਭੁਖਮਰੀ ਦੇ ਕੰਢੇ ਉਤੇ ਖੜ੍ਹੇ ਦੁਨੀਆਂ ਦੇ ਚਾਲੀ ਫ਼ੀ ਸਦੀ ਲੋਕ ਲਾਜ਼ਮੀ ਹੀ ਬੜੇ ਸ਼ੁਕਰਗੁਜ਼ਾਰ ਹੋਣਗੇ ਕਿ ਐਸੇ ਹਾਲਾਤ ਬਣਾ ਦਿਤੇ ਗਏ ਹਨ ਜੋ ਉਨ੍ਹਾਂ ਦੀ ਭੁਖਮਰੀ ਕਾਇਮ ਰੱਖਣ ਦੀ ਗਰੰਟੀ ਦਿੰਦੇ ਹਨ।" ਉਹ ਪੁਛਦਾ ਹੈ, "ਕੀ ਲੁੱਟ ਹੋਣ ਵਾਲੇ ਵੀ ਉਨ੍ਹਾਂ ਹਾਲਤਾਂ ਲਈ ਧੰਨਵਾਦੀ ਹਨ ਜੋ ਉਨ੍ਹਾਂ ਦੀ ਲੁਟ ਯਕੀਨੀ ਬਣਾਉਂਦੀਆਂ ਹਨ? ਹਰਦਿਆਲ ਬੁਰਜੂਆ ਅਤੇ ਪ੍ਰੋਲੇਤਾਰੀ ਆਜ਼ਾਦੀ ਵਿਚਕਾਰ ਫ਼ਰਕ ਨੂੰ ਸਮਝਣ ਲਈ ਜ਼ੋਰ ਦਿੰਦਾ ਹੈ। ਇਕ ਪਾਸੇ ਹੈ ਬੁਰਜੂਆਜ਼ੀ ਜੋ " ਸਾਰੇ ਹੀ ਲੋਕਾਂ ਨੂੰ ਨਿਜੀ ਜਾਇਦਾਦ ਦੀ ਆਜ਼ਾਦੀ ਦੇ ਗੁਲਾਮ ਕਰਦੀ ਹੈ" ਤੇ ਦੂਸਰੇ ਪਾਸੇ ਪ੍ਰੋਲੇਤਾਰੀ ਹੈ ਜੋ "ਹਰ ਸ਼ੈਅ ਨੂੰ ਇਨਸਾਨ ਦੇ ਮਤਿਹਤ ਕਰਦਾ ਹੈ।"

ਹਰਦਿਆਲ ਨੇ ਆਪਣਾਂ ਆਖ਼ਰੀ ਕਾਲਮ ਬਿਮਾਰੀ ਦੀ ਹਾਲਤ ਵਿਚ ਹਸਪਤਾਲ ਦੇ ਮੰਜੇ ਉਤੇ ਪਿਆਂ ਲਿਖਿਆ। ਉਹ ਵਕਤ ਦੇ ਖ਼ਾਸੇ ਬਾਰੇ ਸੋਚ ਰਿਹਾ ਹੈ। ਵਕਤ ਤੇ ਕਦੇ ਵੀ ਰੁਕਦਾ ਨਹੀਂ ਪਰ ਉਹ ਕਹਿੰਦੇ ਹਨ ਕਿ ਮੁਸੀਬਤਾਂ ਤਾਂ ਪੈਦੀਆਂ ਹਨ ਕਿਉਂਕਿ "ਵਕਤ ਖਲੋ ਗਿਆ ਹੈ।" ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਤੇ ਇਸ ਬਾਰੇ ਉਹ ਖ਼ੁਦ ਆਪਣੇ ਨਤੀਜੇ ਕੱਢਦਾ ਹੈ। ਉਸਦਾ ਕੱਢਿਆ ਪਹਿਲਾ ਨਤੀਜਾ ਇਹ ਹੈ ਕਿ ਲਿਬਰਲ ਡੈਮੋਕਰੇਸੀ ਸਮਝਦੀ ਹੈ ਕਿ ਇਹ ਸਦਾ ਸਦਾ ਲਈ ਇਥੇ ਰਹੇਗੀ ਤੇ ਇਹ ਵਕਤ ਦੀਆਂ ਵਲਗਣਾਂ ਨੂੰ ਟੱਪ ਹਈ ਹੈ। ਦੂਸਰਾ ਸਿਟਾ ਇਹ ਹੈ ਕਿ "ਵਕਤ ਦੇ ਰੁਕ ਜਾਣ ਦਾ ਸੰਕਲਪ ਦਰਅਸਲ ਇਕ ਪਾਸੇ ਪੁਰਾਣੇ ਵਕਤ ਦੀ ਗੱਲ ਕਰਨਾ ਹੈ, ਗੁਜ਼ਰ ਗਏ ਦੀ ਗੱਲ ਕਰਨਾ ਹੈ ਤੇ ਦੂਸਰੇ ਪਾਸੇ ਟੱਪ ਗਏ ਵਕਤ ਦੀ ਗੱਲ ਕਰਨਾ ਹੈ।" ਕਿਉਂਕਿ "ਇਹੋ ਜਿਹੇ ਸੰਕਲਪਾਂ ਦੇ ਜਨਮਦਾਤੇ ਵਕਤ ਨੂੰ ਬਿਲਕੁਲ ਹੀ ਸਹਾਰ ਨਹੀਂ ਕਰ ਸਕਦੇ" ਇਸ ਕਰਕੇ ਵਕਤ ਹੁਣ ਇਨ੍ਹਾਂ ਦੇ "ਕਾਲਪਨਕ ਰੋਹ ਦਾ ਨਿਸ਼ਾਨਾ ਬਣ ਗਿਆ ਹੈ" ਤੇ "ਕਲਪਨਾ ਨੇ ਅਸਲੀਅਤ ਦੀ ਫੱਟੀ ਹੀ ਪੋਚ ਦਿਤੀ ਹੈ।" ਤੀਸਰਾ ਇਹ ਕਿ, "ਵਕਤ ਨੇ ਲਿਬਰਲ ਡੈਮੋਕਰੇਸੀ ਅਤੇ "ਪੱਛਮ" ਨੂੰ ਪਿਛੇ ਛੱਡ ਦਿਤਾ ਹੈ" ਇਸ ਕਰਕੇ ਅਮੀਰ ਸੋਚਦੇ ਹਨ ਕਿ "ਜੇ ਉਹ ਘੜੀ ਮੁੜੀ ਇਹ ਕਹੀ ਜਾਣ ਕਿ ਵਕਤ ਰੁਕ ਗਿਆ ਹੈ ਤੇ ਉਹ ਵਕਤ ਦੀਆਂ ਵਲਗਣਾਂ ਨੂੰ ਟੱਪ ਗਏ ਹਨ ਤਾਂ ਉਹ ਵਕਤ ਤੋਂ ਅਗਾਂਹ ਖੜ੍ਹੇ ਹੋਏ ਲੱਗਣਗੇ।" ਹਰਦਿਆਲ ਦਾ ਆਖ਼ਰੀ ਸਿਟਾ ਇਹ ਹੈ ਕਿ "ਕਿਉਂਕਿ ਲਿਬਰਲ ਡੈਮੋਕਰੇਸੀ ਅਤੇ "ਪੱਛਮ" ਹੁਣ ਵਕਤ ਤੋਂ ਬਹੁਤ ਪਿਛੇ ਰਹਿ ਗਏ ਹਨ ਇਸ ਕਰਕੇ ਮੁਸੀਬਤਾਂ ਖੜੀਆਂ ਕਰਨ ਵਾਲੇ ਇਹ ਹੀ ਹਨ ਅਤੇ ਕੁਦਰਤ ਤੇ ਸਮਾਜ ਨੂੰ ਦਰਅਸਲ ਸਮੇਂ ਦੇ ਨਾਲ ਨਾਲ ਚੱਲਣ ਦੀ ਕੀਮਤ ਭੁਗਤਣੀ ਪੈ ਰਹੀ ਹੈ।" ਵਕਤ ਬੁਰਜੂਆ ਜਮਾਤ ਲਈ ਨਾ ਕੈਨੇਡਾ ਵਿਚ ਹੀ ਖਲੋਤਾ ਹੈ ਤੇ ਨਾ ਕਿਤੇ ਹੋਰ ਮੁਲਕ ਵਿਚ। ਕੈਨੇਡਾ ਤੇ ਹੋਰ ਮੁਲਕਾਂ ਨੂੰ "ਵਕਤ ਬਹੁਤ ਹੀ ਪਿਛੇ ਛੱਡ ਗਿਆ ਹੈ।"

ਇਥੇ ਜਿਨ੍ਹਾਂ ਥੋੜੀਆਂ ਜਿਹੀਆਂ ਲਿਖਤਾਂ ਦੀ ਚਰਚਾ ਕੀਤੀ ਗਈ ਹੈ ਅਤੇ ਜੋ ਹਵਾਲੇ ਦਿਤੇ ਗਏ ਹਨ ਜਾਂ ਜਿਨ੍ਹਾਂ ਦੇ ਭਾਵ ਇਥੇ ਪੇਸ਼ ਕੀਤੇ ਗਏ ਹਨ ਉਹ ਪਾਠਕਾਂ ਦੀ ਇਨ੍ਹਾਂ ਲਿਖਤਾਂ ਨੂੰ ਪੂਰੀਆਂ ਪੜ੍ਹਨ ਦੀ ਭੁਖ ਚਮਕਾਉਣਗੇ। ਸ਼ਾਇਦ ਵਧੀਆ ਇਹ ਹੋਵੇਗਾ ਕਿ ਰੋਜ਼ ਸਿਰਫ਼ ਇਕ ਹੀ ਲੇਖ ਪੜ੍ਹਿਆ ਜਾਵੇ, ਜਿਵੇਂ ਇਨ੍ਹਾਂ ਨੂੰ ਸ਼ੁਰੂ ਵਿਚ ਲਿਖਣ ਦਾ ਮਕਸਦ ਸੀ, ਅਤੇ ਇਨ੍ਹਾਂ ਦੇ ਅਰਥਾਂ ਨੂੰ ਸਮਝਣ ਅਤੇ ਇਨ੍ਹਾਂ ਦਾ ਲੁਤਫ਼ ਲੈਣ ਕੁਝ ਸਮਾਂ ਲਾਇਆ ਜਾਵੇ ਤੇ ਕਾਹਲੀ ਨਾਂ ਕੀਤੀ ਜਾਵੇ। ਇਹ ਸਾਦਾ ਹਨ ਪਰ ਇਨ੍ਹਾਂ ਦੇ ਅਰਥ ਬੜੇ ਗਹਿਰੇ ਹਨ। ਕਈ ਦਫ਼ਾ ਹਰਦਿਆਲ ਦੂਜਿਆਂ ਨਾਲ ਹੋਈ ਕਿਸੇ ਸੰਖੇਪ ਜਿਹੀ ਗੱਲ, ਬਹਿਸ, ਜਾਂ ਵਾਰਤਾਲਾਪ ਦਾ ਜ਼ਿਕਰ ਕਰਦਾ ਹੈ, ਜੋ ਕਈ ਵਾਰੀ ਹਾਸੇ ਵਿਚ ਜਾਂ ਹਰਦਿਆਲ ਦੀ ਕਹੀ ਹੋਈ ਗੱਲ ਦੀ ਤਸਦੀਕ ਵਿਚ ਖ਼ਤਮ ਹੁੰਦੀਆਂ ਹਨ, ਤੇ ਕਈ ਵਾਰੀ ਅਗਲਾ ਫਟਾ ਫਟ ਦੌੜਨ ਦੀ ਕਰਦਾ ਹੈ। ਉਹ ਆਪਣੀ ਰੋਜ਼ਾਨਾਂ ਦੀ ਜ਼ਿੰਦਗੀ ਦੇ ਰੁਝੇਵਿਆਂ ਅਤੇ ਗੱਲਾਂਬਾਤਾਂ ਦੇ ਪਲ ਪਲ ਦਾ ਵੇਰਵਾ ਦੇਣ ਦੀ ਕੋਸ਼ਿਸ਼ ਕਰਦਾ ਹੈ। ਹਰਦਿਆਲ ਨੂੰ ਮਿਲਣਾਂ ਕੋਈ ਨਵੀਂ ਗੱਲ ਲੱਭਣ ਅਤੇ ਨਵਾਂ ਅਨੁਭਵ ਹਾਸਲ ਕਰਨ ਵਾਲੀ ਗੱਲ ਸੀ। ਉਸ ਨੂੰ ਮਿਲਕੇ ਕੋਈ ਵੀ ਬੰਦਾ ਇਹ ਜਾਣੇ ਬਗੈਰ ਨਹੀਂ ਸੀ ਰਹਿ ਸਕਦਾ ਕਿ ਉਹ ਇਕ ਅਜ਼ੀਮ ਸ਼ਖ਼ਸ ਨੂੰ ਮਿਲ ਰਿਹਾ ਹੈ ਤੇ ਹਰੇਕ ਨੂੰ ਇਕ ਦਫ਼ਾ ਇਹ ਝਟਕਾ ਜ਼ਰੂਰ ਲਗਦਾ ਸੀ ਕਿ ਮਾਨਸਜ਼ਾਤ ਕੀ ਕੀ ਪੈਦਾ ਕਰਨ ਦੀ ਸਮਰੱਥਾ ਰੱਖਦੀ ਹੈ। ਉਸਦੀ ਆਪਣੀ ਹੋਂਦ, ਉਸਦੀ ਜ਼ਿੰਦਾ ਮਿਸਾਲ, ਹਰੇਕ ਨੂੰ ਸੋਸ਼ਲਿਸਟ ਇਨਸਾਨੀਅਤ ਦੇ ਭਵਿਖ ਵਿਚ ਵਿਸ਼ਵਾਸ ਕਰਾ ਦਿੰਦੀ ਸੀ। ਉਸਨੇ ਲੋਕਾਂ ਵਿਚ ਇਹ ਮਿਆਰ ਉਚਾ ਕੀਤਾ ਕਿ ਲੀਡਰ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ, ਦੋਸਤ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ ਅਤੇ ਉਸਤਾਦ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ। ਜਿਨ੍ਹਾਂ ਦਾ ਕਦੇ ਹਰਦਿਆਲ ਨਾਲ ਵਾਹ ਪਿਆ ਉਨ੍ਹਾਂ ਲਈ ਇਹ ਲੇਖ ਇਕ ਵਾਰ ਫੇਰ ਉਸ ਨਾਲ ਬਿਤਾਏ ਪਲਾਂ ਦੀ ਯਾਦ ਤਾਜ਼ਾ ਕਰਾ ਦੇਣਗੇ ਤੇ ਜਿਹੜੇ ਅਨੇਕਾਂ ਪਾਠਕ ਸ਼ਾਇਦ ਪਹਿਲੀ ਵਾਰ ਹਰਦਿਆਲ ਨੂੰ ਪੜ੍ਹ ਰਹੇ ਹੋਣਗੇ ਸ਼ਾਇਦ ਉਹ ਵੀ ਇੰਜ ਹੀ ਮਹਿਸੂਸ ਕਰਨਗੇ ਕਿ ਖ਼ੁਦ ਹਰਦਿਆਲ ਨੂੰ ਹੀ ਮਿਲ ਰਹੇ ਹਨ।